ੴ ਵਾਹਿਗੁਰੂ ਜੀ ਕੀ ਫ਼ਤਹਿ॥

# ਗੁਰਮਤਿ ਪ੍ਰਸਾਰ ਪੱਤਰ





ਲੜੀ/ਅੰਕ ਨੰ: 18/01 ਜਨਵਰੀ 2018 – ਨਾਨਕਸ਼ਾਹੀ ਪੋਹ-ਮਾਘ 549


## ਇਤਿਹਾਸਿਕ ਦਿਹਾੜੇ

### ਜਨਵਰੀ ਅਤੇ ਫਰਵਰੀ 2018

| | |
|---|---|
| ਪ੍ਰਕਾਸ਼ ਸ੍ਰੀ ਗੁਰੂ ਗੋਬਿੰਦ ਸਿੰਘ ਜੀ | 5 ਜਨਵਰੀ |
| ਜੋੜ ਮੇਲਾ ਮੁਕਤਸਰ (ਮਾਘੀ) | 14 ਜਨਵਰੀ |
| ਚਾਬੀਆਂ ਦਾ ਮੋਰਚਾ | 20 ਜਨਵਰੀ |
| ਨੀਂਹ ਪੱਥਰ ਸੱਚ ਖੰਡ ਸ੍ਰੀ ਹਰਿਮੰਦਰ ਸਾਹਿਬ ਜੀ | 14 ਜਨਵਰੀ |
| ਜਨਮ ਦਿਹਾੜਾ ਬਾਬਾ ਦੀਪ ਸਿੰਘ ਜੀ | 27 ਜਨਵਰੀ |
| ਪ੍ਰਕਾਸ਼ ਸ੍ਰੀ ਗੁਰੂ ਹਰਿਰਾਇ ਜੀ | 28 ਜਨਵਰੀ |
| ਜਨਮ ਭਗਤ ਰਵਿਦਾਸ ਜੀ | 31 ਜਨਵਰੀ |
| ਵੱਡਾ ਘੱਲੂਘਾਰਾ (ਕੁੱਪ ਰਹੀੜਾ) | 9 ਫਰਵਰੀ |
| ਸਾਕਾ ਨਨਕਾਣਾ ਸਾਹਿਬ | 21 ਫਰਵਰੀ |
| ਜੈਤੋ ਦਾ ਮੋਰਚਾ | 21 ਫਰਵਰੀ |


www.gurmatparsar.com

**ਗੁਰਮਤਿ ਪ੍ਰਸਾਰ ਸੇਵਾ ਸੋਸਾਇਟੀ (ਰਜਿ.)**

ਰਜਿਸਟਰਡ ਆਫਿਸ : #1444, ਸੈਕਟਰ 34-ਸੀ, ਚੰਡੀਗੜ੍ਹ ਫੋਨ: 98761-77803

ਕਾਰਜਕਾਰੀ ਦਫਤਰ : ਗੁਰਮਤਿ ਪ੍ਰਸਾਰ ਭਵਨ, ਛੱਜੂਮਾਜਰਾ ਰੋਡ,

ਸੰਨੀ ਇਨਕਲੇਵ ਦੇ ਸਾਹਮਣੇ, ਮੁੰਡੀ ਖਰੜ, ਫੋਨ: 0160-5009844, 94171-90438

Join us at Facebook or mail at : gurmatparsar7@gmail.com

ਵਧਾਈਆਂ **ਵਾਹ-ਵਾਹ ਗੋਬਿੰਦ ਸਿੰਘ ਆਪੇ ਗੁਰੁ ਚੇਲਾ** ਵਧਾਈਆਂ

## ਧੰਨ-ਧੰਨ ਸਾਹਿਬ ਸ੍ਰੀ ਗੁਰੂ ਗੋਬਿੰਦ ਸਿੰਘ ਜੀ ਦੇ 351ਵੇ ਪ੍ਰਕਾਸ਼ ਪੁਰਬ ਦੀਆਂ ਲੱਖ-ਲੱਖ ਵਧਾਈਆਂ

ਦਸਮ ਪਿਤਾ ਗੁਰੂ ਗੋਬਿੰਦ ਸਿੰਘ ਜੀ ਦੇ ਪਰਉਪਕਾਰ, ਉਨਾਂ ਦੀ ਕੁਰਬਾਨੀ ਅਤੇ ਮਨੁਖਤਾ ਨੂੰ ਉਚੇਰੇ ਜੀਵਨ ਜੀਊਣ ਦੀ ਜਾਚ ਸਿਖਾਉਣੀ ਅਤੇ ਸਮਾਜ ਵਿਚ ਊਚ ਨੀਚ, ਵਰਨ ਵੰਡ ਭੇਦ ਭਾਵ ਨੂੰ ਮਿਟਾ ਕੇ ਸੂਰਬੀਰ ਬਣਾਉਣਾ, ਨਵੇ ਸਿੱਖ ਸਮਾਜ ਦੀ ਸਿਰਜਨਾ ਇਕ ਨਵੇਕਲਾ ਹੀ ਕਾਰਜ ਹੈ। ਸਾਰੇ ਪਰੀਵਾਰ ਪਿਤਾ ਮਾਤਾ ਪਿਆਰੇ ਸਾਹਿਬਜਾਦਿਆਂ ਦੀ ਸ਼ਹੀਦੀ ਉਪਰੰਤ ਅਕਾਲ ਪੁਰਖ ਦਾ ਸ਼ੁਕਰਾਨਾ ਕਰਨਾ ਇਹ ਉਨਾਂ ਦੇ ਜੀਵਨ ਦੀ ਅਨੋਖੀ ਘਟਨਾ ਹੈ।

ਗੁਰੂ ਗੋਬਿੰਦ ਸਿੱਖ ਜੀ ਦੇ 351 ਸਾਲਾਂ ਪ੍ਰਕਾਸ਼ ਪੁਰਬ ਨੂੰ ਮਨਾਉਦਿਆਂ ਅਸੀ ਉਨਾਂ ਦੇ ਦਸੇ ਰਾਹ ਤੇ ਤੁਰਨ ਦਾ ਪ੍ਰਣ ਕਰੀਏ ਅਤੇ ਖੰਡੇ ਦੀ ਪਾਹੁਲ ਛਕ ਕੇ ਦਸੀ ਰਹਿਤ ਮਰਯਾਦਾ ਦੇ ਧਾਰਨੀ ਬਣ ਕੇ ਅਪਣਾ ਜੀਵਨ ਸਵਾਰੀਏ ਅਤੇ ਗੁਰੂ ਦੀਆਂ ਖੁਸ਼ੀਆਂ ਹਾਸਲ ਕਰੀਏ।

### ਜੋ ਗੁਰੁ ਦਸੈ ਵਾਟ ਮੁਰੀਦਾ ਜੋਲੀਐ (ਅੰਕ 488)

(i) ਪੀਵਹੁ ਪਾਹੁਲ ਖੰਡੇ ਧਾਰ, ਹੁਇ ਜਨਮ ਸੁਹੇਲਾ।
ਗੁਰ ਸੰਗਤ ਕੀਨੀ ਖ਼ਾਲਸਾ, ਮਨਮੁਖੀ ਦੁਹੇਲਾ।
ਵਾਹ ਵਾਹ ਗੋਬਿੰਦ ਸਿੰਘ, ਆਪੇ ਗੁਰੁ ਚੇਲਾ(ਭਾਈ ਗੁਰਦਾਸ ਜੀ ਵਾਰ੪੧.੧)

(ii) ਪ੍ਰਥਮ ਰਹਿਤ ਯਹਿ ਜਾਨ, ਖੰਡੇ ਕੀ ਪਾਹੁਲ ਛਕੇ।
ਸੋਈ ਸਿੰਘ ਪ੍ਰਧਾਨ, ਅਵਰ ਨ ਪਾਹੁਲ ਜੋ ਲਏ।
ਪਾਂਚ ਸਿੰਘ ਅੰਮ੍ਰਿਤ ਜੋ ਦੇਵੈਂ, ਤਾਂ ਕੋ ਸਿਰ ਧਰ ਛਕ ਪੁਨ ਲੇਵੈ।
ਪੁਨ ਮਿਲ ਪਾਂਚੋ ਰਹਿਤ ਜੋ ਭਾਖੈਂ, ਤਾਂ ਕੋ ਮਨ ਮੇਂ ਦ੍ਰਿੜ੍ਹ ਕਰ ਰਾਖੈ।
(ਰਹਿਤਨਾਮਾ ਭਾ: ਦੇਸਾ ਸਿੰਘ)

(iii) ਗੁਰਸਿਖ ਰਹਿਤ ਸੁਨਹੁ ਹੇ ਮੀਤ ! ਪਰਭਾਤੇ ਉਠ ਕਰ ਹਿਤ ਚਿਤ।
ਵਾਹਿਗੁਰੂ ਗੁਰੁ ਮੰਤ੍ਰ ਸੁ ਜਾਪ, ਕਰ ਇਸਨਾਨ ਪੜ੍ਹੈ ਜਪੁ ਜਾਪੁ।
ਸੰਧਿਆ ਸਮੈਂ ਸੁਨੈ ਰਹਿਰਾਸ, ਕੀਰਤਨ ਕਥਾ ਸੁਨੈ ਹਰਿ ਯਾਸ।
ਇਨ ਮੈਂ ਨੇਮ ਜੁ ਏਕ ਕਰਾਇ, ਸੋ ਸਿੱਖ ਅਮਰਾਪੁਰੀ ਮਹਿ ਜਾਇ।
(ਭਾਈ ਨੰਦ ਲਾਲ)

(iv) ਰਹਿਣੀ ਰਹੈ ਸੋਈ ਸਿਖ ਮੇਰਾ ॥ ਓਹੁ ਠਾਕੁਰ ਮੈਂ ਉਸ ਕਾ ਚੇਰਾ ॥
ਰਹਿਤ ਬਿਨਾ ਨਹਿ ਸਿਖ ਕਹਾਵੈ ॥ ਰਹਿਤ ਬਿਨਾਂ ਦਰ ਚੋਟਾਂ ਖਾਵੈ ॥
ਰਹਿਤ ਬਿਨਾਂ ਸੁਖ ਕਬਹੁੰ ਨ ਲਹੈ ॥ ਤਾਂ ਤੇ ਰਹਿਤ ਸੁ ਦ੍ਰਿੜ ਕਰ ਰਹੈ ॥
(ਰਹਿਤਨਾਮਾ ਭਾ:ਦੇਸਾ ਸਿੰਘ ਜੀ)

(ਨਰਿੰਦਰ ਬੀਰ ਸਿੰਘ)
ਜਨਰਲ ਸਕਤ੍ਰ

(ਡਾ. ਕੰਵਲਜੀਤ ਸਿੰਘ )
ਮੁੱਖ ਸੇਵਾਦਾਰ

# ਨਵਾਂ ਸਾਲ

ਸਮੇਂ ਦੀ ਚਾਲ ਬੜੀ ਤੇਜ ਹੈ । ਮਨੁੱਖ ਨੂੰ ਪਤਾ ਹੀ ਨਹੀਂ ਲਗਦਾ ਕਦੋਂ ਸਮਾਂ ਲੰਘ ਜਾਂਦਾਂ ਹੈ । ਕੁਝ ਮਨੁਖ ਇਸ ਸਮੇਂ ਦੀ ਯੋਗ ਵਰਤੋ ਕਰ ਪ੍ਰਭੂ ਪ੍ਰਮਾਤਮਾ ਦੀ ਸਿਫਤ ਸਲਾਹ ਵਿੱਚ ਲਗ ਕੇ ਸਫਲ ਕਰ ਲੈਂਦੇ ਹਨ ਜਦੋਂ ਕਿ ਕੁਝ ਮਨੁੱਖ ਇਸ ਨੂੰ ਕੇਵਲ ਤੇ ਕੇਵਲ ਮਾਇਆ ਦੇ ਧੰਧਿਆਂ ਵਿਚ ਫਸ ਕੇ ਵਿਅਰਥ ਗਵਾ ਦਿੰਦੇ ਹਨ । ਗੁਰਬਾਣੀ ਦਾ ਫੁਰਮਾਨ ਹੈ ।

ਗੁਰਮੁਖਿ ਲਾਹਾ ਲੈ ਗਏ ਮਨਮੁਖ ਚਲੇ ਮੂਲੁ ਗਵਾਇ ਜੀਉ ।

ਮੱਨੁਖ ਦਾ ਸੁਭਾਉ ਹੈ ਕਿ ਉਹ ਹਰ ਨਵੀਂ ਚੀਜ਼ ਲਈ ਉਤਸੁਕ ਰਹਿੰਦਾ ਹੈ ਅਤੇ ਪੁਰਾਣੀਆ ਚੀਜ਼ਾ ਨੂੰ ਨਿਕਾਰਦਾ ਜਾਂਦਾ ਹੈ । ਇਹ ਬਿਰਤੀ ਉਦੋਂ ਬੜੀ ਉਜਾਗਰ ਹੋਈ ਦਿਸਦੀ ਹੈ ਜਦੋਂ ਨਵੇ ਸਾਲ ਦੀ ਆਮਦ ਹੁੰਦੀ ਹੈ । ਨਵੇ ਸਾਲ ਦੀ ਅਰੰਭਤਾ ਲਈ ਬੜੀਆਂ ਤਿਆਰੀਆਂ ਕੀਤੀਆਂ ਜਾਂਦੀਆਂ ਹਨ ਅਤੇ ਬੜੀ ਤੀਬਰਤਾ ਨਾਲ ਇੰਤਜ਼ਾਰ ਕੀਤਾ ਜਾਂਦਾ ਹੈ । ਰਾਤ ਦੇ 12.00 ਵਜੇ ਬੜੇ ਢੋਲ ਢਮਾਕੇ ਆਤਸ਼ਬਾਜੀ ਹੱਲਾ ਗੁਲਾ ਅਤੇ ਸ਼ੋਰ ਸ਼ਰਾਬੇ ਨਾਲ ਇਸ ਦਿਨ ਦੀ ਅਰੰਭਤਾ ਹੁੰਦੀ ਹੈ । ਬਹੁਤ ਜਿਆਦਾ ਉਤਸਾਹ ਦੇਖਿਆ ਜਾਂਦਾ ਹੈ ਹਰ ਇਕ ਨੂੰ ਵਧਾਈਆਂ ਦਿੱਤੀਆਂ ਤੇ ਲਈਆਂ ਜਾਂਦੀਆਂ ਹਨ ।

ਇਸ ਸਾਰੀ ਕਿਰਿਆ ਵਿਚ ਮਨੁੱਖ ਪ੍ਰਮਾਤਮਾ ਨੂੰ ਤਾਂ ਭੁੱਲ ਹੀ ਜਾਂਦਾ ਹੈ । ਜਿਸ ਦੇ ਨਿਯਮ ਅਧੀਨ ਇਹ ਸਮਾਂ ਗੁਜਰਦਾ ਹੈ, ਦਿਨ ਤੇ ਪਹਿਰ ਪਹਿਰ ਤੇ ਘੜੀਆਂ ਬੀਤਦੀਆਂ ਹਨ ਦਿਨ ਰਾਤ, ਰੁੱਤਾਂ ਥਿਤਾਂ, ਮਹੀਨੇ ਅਤੇ ਸਾਲ ਬਣਦੇ ਹਨ । ਹਰ ਸਮੇਂ ਦੀ ਛੋਟੀ ਤੋਂ ਛੋਟੀ ਵੰਡ ਵਿਚ ਕੇਵਲ ਤੇ ਕੇਵਲ ਪ੍ਰਮਾਤਮਾ ਆਪ ਹੀ ਵਰਤ ਰਿਹਾ ਹੈ, ਪਰ ਅਸੀ ਇਸ ਸਚਾਈ ਨੂੰ ਅਣਡਿੱਠਾ ਕਰਕੇ ਉਸ ਨੂੰ ਭੁੱਲ ਜਾਂਦੇ ਹਨ । ਗੁਰਬਾਣੀ ਸਾਨੂੰ ਸੇਧ ਬਖਸ਼ਦੀ ਹੈ ਕਿ ਹਰ ਪਲ ਜਦੋਂ ਰੱਬ ਦੀ ਯਾਦ ਆ ਜਾਵੇ ਉਹ ਹੀ ਚੰਗਾ ਅਤੇ ਨਵਾ ਹੈ ਕਿਉਂਕਿ ਮੇਰਾ ਮਾਲਕ ਵਾਹਿਗੁਰੂ ਸਦਾ ਹੀ ਨਵਾ ਹੈ ਬਾਕੀ ਸਭ ਕੁਝ ਤਾਂ ਪੁਰਾਨਾ ਹੋ ਜਾਂਦਾ ਹੈ ।

ਸਾਹਿਬ ਮੇਰਾ ਨੀਤ ਨਵਾ ਸਦਾ ਸਦਾ ਦਾਤਾਰੁ ॥

ਅਤੇ

ਮਾਹ ਦਿਵਸ ਮੂਰਤ ਭਲੇ ਜਿਸ ਕਉ ਨਦਰਿ ਕਰੇ
ਨਾਨਕੁ ਮੰਗੈ ਦਰਸ ਦਾਨੁ ਕਿਰਪਾ ਕਰਹੁ ਹਰੇ ।

ਸਾਨੂੰ ਨਹੀਂ ਭੁਲਣਾ ਚਾਹੀਦਾ ਕਿ ਜੋ ਅੱਜ ਨਵਾ ਹੈ ਉਹ ਕਲ ਪੁਰਾਣਾ ਹੋ ਜਾਵੇਗਾ । ਜਿਸ ਨਵੇ ਸਾਲ ਦਾ ਅਸੀ ਬੜੀ ਖੁਸ਼ੀ ਨਾਲ ਸਵਾਗਤ ਕਰ ਰਹੇ ਹਾਂ ਉਸ ਦਾ ਹਾਲ ਵੀ ਬੀਤੇ ਸਾਲ ਦੀ ਤਰ੍ਹਾਂ ਪੁਰਾਣਾ ਹੋ ਜਾਵੇਗਾ । ਅਸੀ ਕੋਈ ਵੀ ਵਸਤੂ ਖਰੀਦਣੀ ਹੋਵੇ ਤਾਂ ਅਸੀ ਸਾਲ ਦੇ ਆਖਰੀ ਮਹੀਨੇ ਵਿੱਚ ਖਰੀਦਣ ਤੋਂ ਸੰਕੋਚ ਕਰਦੇ ਹਾਂ ਕਿ ਇਸ ਦਾ ਮਾਡਲ ਅਗਲੇ ਸਾਲ ਪੁਰਾਣਾ ਹੋ ਜਾਵੇਗਾ । ਨਵੇ ਮਾਡਲ ਦੀ ਖਰੀਦਾਗੇ । ਸਾਡੀ ਸੋਚ ਨਵੇ ਦੀ ਇੰਤਜ਼ਾਰ ਵਿੱਚ ਪਿਛਲੇ ਸਾਲ ਨੂੰ ਨਿਕਾਰ ਦਿੰਦੀ ਹੈ । **ਬਸ ਇਕੋਂ ਚੀਜ ਹੀ ਨਵੀ ਹੈ ਤੇ ਉਹ ਹੈ ਪ੍ਰਭੂ ਪ੍ਰਮਾਤਮਾ ਉਸਨੂ ਸਦਾ ਯਾਦ ਕਰੀਏ । ਫਿਰ ਸਾਡਾ ਹਰ ਪਲ**

ਖੁਸ਼ੀਆਂ ਭਰਿਆ ਹੋਵੇਗਾ ਅਤੇ ਆਤਮਿਕ ਆਨੰਦ ਵਾਲਾ ਹੋਵੇ।

ਵਾਹਿਗੁਰੂ ਕਿਰਪਾ ਕਰੇ ਕਿ ਅਸੀ ਨਵੇ ਸਾਲ ਦੀ ਆਮਦ ਨੂੰ ਗੁਰੂ ਦੀ ਯਾਦ ਨਾਲ ਜੋੜ ਕੇ ਅਪਣਾ ਹਰ ਗੁਜਰਦਾ ਪਲ ਸਫਲ ਕਰ ਸਕੀਏ।

ਵਾਹਿਗੁਰੂ ਜੀ ਕਾ ਖਾਲਸਾ, ਵਾਹਿਗੁਰੂ ਜੀ ਕੀ ਫਤਹਿ ॥

(ਨਰਿੰਦਰ ਬੀਰ ਸਿੰਘ)

## ਮਾਘਿ ਮਜਨੁ ਸੰਗਿ ਸਾਧੂਆ ਧੂੜੀ ਕਰਿ ਇਸਨਾਨੁ (ਜੀਵਨ ਜੁਗਤਿ)

ਮਾਘਿ ਮਜਨੁ ਸੰਗਿ ਸਾਧੂਆ ਧੂੜੀ ਕਰਿ ਇਸਨਾਨੁ ॥
ਹਰਿ ਕਾ ਨਾਮੁ ਧਿਆਇ ਸੁਣਿ ਸਭਨਾ ਨੋ ਕਰਿ ਦਾਨੁ ॥
ਜਨਮ ਕਰਮ ਮਲੁ ਉਤਰੈ ਮਨ ਤੇ ਜਾਇ ਗੁਮਾਨੁ ॥
ਕਾਮਿ ਕਰੋਧਿ ਨ ਮੋਹੀਐ ਬਿਨਸੈ ਲੋਭੁ ਸੁਆਨੁ ॥
ਸਚੈ ਮਾਰਗਿ ਚਲਦਿਆ ਉਸਤਤਿ ਕਰੇ ਜਹਾਨੁ ॥
ਅਠਸਠਿ ਤੀਰਥ ਸਗਲ ਪੁੰਨ ਜੀਅ ਦਇਆ ਪਰਵਾਨੁ ॥
ਜਿਸ ਨੋ ਦੇਵੈ ਦਇਆ ਕਰਿ ਸੋਈ ਪੁਰਖੁ ਸੁਜਾਨੁ ॥
ਜਿਨਾ ਮਿਲਿਆ ਪ੍ਰਭੁ ਆਪਣਾ ਨਾਨਕ ਤਿਨ ਕੁਰਬਾਨੁ ॥
ਮਾਘਿ ਸੁਚੇ ਸੇ ਕਾਂਢੀਅਹਿ ਜਿਨ ਪੂਰਾ ਗੁਰੁ ਮਿਹਰਵਾਨੁ ॥੧੨॥

ਮਾਝ ਬਾਰਹਮਾਹਾ (ਮਃ ੫) ਅੰਗ ੧੩੫

**ਪਦ ਅਰਥ:-** ਮਾਘ-ਮਾਘ ਨਖੁਤ੍ਰ ਵਾਲੀ ਪੂਰਨਮਾਸੀ ਦਾ ਮਹੀਨਾ। ਮਾਘਿ-ਮਾਘ ਮਹੀਨੇ ਵਿੱਚ। {ਨੋਟ :-ਇਸ ਮਹੀਨੇ ਦਾ ਪਹਿਲਾ ਦਿਨ ਹਿੰਦੂ-ਸ਼ਾਸਤ੍ਰਾਂ, ਅਨੁਸਾਰ ਬੜਾ ਪਵਿਤ੍ਰ ਹੈ, ਹਿੰਦੂ ਸੱਜਣ ਮਾਘੀ ਵਾਲੇ ਦਿਨ ਪ੍ਰਯਾਗ ਤੀਰਥ ਤੇ ਇਸ਼ਨਾਨ ਕਰਨਾ ਬਹੁਤ ਪੁੰਨ ਕੰਮ ਸਮਝਦੇ ਹਨ}। ਮਜਨੁ-ਚੁੱਭੀ। ਦਾਨੁ-ਨਾਮੁ ਦਾ ਦਾਨ। ਜਨਮ ਕਰਮ ਮਲੁ-ਕਈ ਜਨਮਾਂ ਦੇ ਕੀਤੇ ਕਰਮਾਂ ਤੋਂ ਪੈਦਾ ਹੋਈ ਵਿਕਾਰਾਂ ਦੀ ਮੈਲ। ਗੁਮਾਨੁ-ਅਹੰਕਾਰ। ਕਾਮਿ-ਕਾਮ ਵਿੱਚ। ਕਰੋਧਿ-ਕ੍ਰੋਧ ਵਿੱਚ। ਮੋਹੀਐ-ਠੱਗੇ ਜਾਈਦਾ। ਸੁਆਨੁ-ਕੁੱਤਾ। ਮਾਰਗਿ-ਰਸਤੇ ਉੱਤੇ। ਉਸਤਤਿ-ਸੋਭਾ। ਅਠਸਠਿ-ਅਠਾਹਠ। ਪਰਵਾਨੁ-ਮੰਨਿਆ-ਪ੍ਰਮੰਨਿਆ(ਧਾਰਮਿਕ ਕੰਮ)। ਕਰਿ-ਕਰ ਕੇ। ਸੁਜਾਨੁ-ਸਿਆਣਾ। ਕਾਂਢੀਅਹਿ-ਆਖੇ ਜਾਂਦੇ ਹਨ।

**ਅਰਥ:-** ਮਾਘ ਵਿੱਚ (ਮਾਘੀ ਵਾਲੇ ਦਿਨ ਲੋਕ ਪ੍ਰਯਾਗ ਆਦਿਕ ਤੀਰਥਾਂ ਤੇ ਇਸ਼ਨਾਨ ਕਰਨਾ ਬੜਾ ਪੁੰਨ ਸਮਝਦੇ ਹਨ, ਪਰ ਤੂੰ ਹੇ ਭਾਈ!) ਗੁਰਮੁਖਾਂ ਦੀ ਸੰਗਤਿ ਵਿੱਚ (ਬੈਠ, ਇਹੀ ਹੈ ਤੀਰਥਾਂ ਦਾ) ਇਸ਼ਨਾਨ, ਉਹਨਾਂ ਦੀ ਚਰਨ ਧੂੜ ਵਿੱਚ ਇਸ਼ਨਾਨ ਕਰ (ਨਿਮ੍ਰਤਾ-ਭਾਵ ਨਾਲ ਗੁਰਮੁਖਾਂ ਦੀ ਸੰਗਤਿ ਕਰ, ਉਥੇ) ਪਰਮਾਤਮਾ ਦਾ ਨਾਮ ਜਪ, ਪਰਮਾਤਮਾ ਦੀ ਸਿ ਤਿ-ਸਾਲਾਹ ਸੁਣ, ਹੋਰ ਸਭਨਾਂ ਨੂੰ ਇਹ ਨਾਮ ਦੀ ਦਾਤਿ ਵੰਡ, (ਇਸ ਤਰ੍ਹਾਂ) ਕਈ ਜਨਮਾਂ ਦੇ ਕੀਤੇ ਕਰਮਾਂ ਤੋਂ ਪੈਦਾ ਹੋਈ ਵਿਕਾਰਾਂ ਦੀ ਮੈਲ (ਤੇਰੇ ਮਨ ਤੋਂ) ਲਹਿ ਜਾਇਗੀ, ਤੇਰੇ ਮਨ ਵਿਚੋਂ ਅਹੰਕਾਰ ਦੂਰ ਹੋ ਜਾਇਗਾ।

(ਸਿਮਰਨ ਦੀ ਬਰਕਤਿ ਨਾਲ) ਕਾਮ ਵਿੱਚ ਕ੍ਰੋਧ ਵਿੱਚ ਨਹੀਂ ਫਸੀਦਾ, ਲੋਭ-ਕੁੱਤਾ ਭੀ ਮੁੱਕ ਜਾਂਦਾ ਹੈ (ਲੋਭ,ਜਿਸ ਦੇ ਅਸਰ ਹੇਠ ਮਨੁੱਖ ਕੁੱਤੇ ਵਾਂਗ ਦਰ ਦਰ ਤੇ ਭਟਕਦਾ ਹੈ) । ਇਸ ਸੱਚੇ ਰਸਤੇ ਉੱਤੇ ਤੁਰਿਆਂ ਜਗਤ ਦੀ ਸੋਭਾ ਕਰਦਾ ਹੈ । ਅਠਾਹਠ ਤੀਰਥਾਂ ਦਾ ਇਸ਼ਨਾਨ, ਸਾਰੇ ਪੁੰਨ ਕਰਮ, ਜੀਵਾਂ ਉੱਤੇ ਦਇਆ ਕਰਨੀ ਜੋ ਧਾਰਮਿਕ ਕੰਮ ਮੰਨੀ ਗਈ ਹੈ (ਇਹ ਸਭ ਕੁਝ ਸਿਮਰਨ ਦੇ ਵਿੱਚ ਹੀ ਆ ਜਾਂਦਾ ਹੈ) ।

ਪਰਮਾਤਮਾ ਕਿਰਪਾ ਕਰ ਕੇ ਜਿਸ ਮਨੁੱਖ ਨੂੰ (ਸਿਮਰਨ ਦੀ ਦਾਤਿ) ਦੇਂਦਾ ਹੈ, ਉਹ ਮਨੁੱਖ (ਜ਼ਿੰਦਗੀ ਦੇ ਸਹੀ ਰਸਤੇ ਦੀ ਪਛਾਣ ਵਾਲਾ) ਸਿਆਣਾ ਹੋ ਜਾਂਦਾ ਹੈ ।

ਹੇ ਨਾਨਕ ! (ਆਖ-) ਜਿਨ੍ਹਾਂ ਨੂੰ ਪਿਆਰਾ ਪ੍ਰਭੂ ਮਿਲ ਪਿਆ ਹੈ, ਮੈਂ ਉਹਨਾਂ ਤੋਂ ਸਦਕੇ ਹਾਂ । ਮਾਘ ਮਹੀਨੇ ਵਿੱਚ ਸਿਰ ਉਹੀ ਸੁੱਚੇ ਬੰਦੇ ਆਖੇ ਜਾਂਦੇ ਹਨ, ਜਿਨ੍ਹਾਂ ਉੱਤੇ ਪੂਰਾ ਸਤਿਗੁਰੂ ਦਇਆਵਾਨ ਹੁੰਦਾ ਹੈ (ਤੇ ਜਿਨ੍ਹਾਂ ਨੂੰ ਸਿਮਰਨ ਦੀ ਦਾਤਿ ਦੇਂਦਾ ਹੈ) । ੧੨।

ਜਿਸ ਉੱਤੇ ਉਹ ਬੇ-ਪਰਵਾਹ ਪ੍ਰਭੂ ਮਿਹਰ ਕਰਦਾ ਹੈ, ਉਸ ਨੂੰ ਪੋਹ ਦਾ ਮਹੀਨਾ ਸੁਹਾਵਣਾ ਲੱਗਦਾ ਹੈ ਉਸ ਨੂੰ ਸਾਰੇ ਹੀ ਸੁਖ ਮਿਲ ਜਾਂਦੇ ਹਨ ।੧੧॥

## 'ਪੂਜਾ ਅਕਾਲ ਕੀ'
## ਜਾਗਤ ਜੋਤਿ ਜਪੈ ਨਿਸਬਾਸਰ

ਪ੍ਰਿੰਸੀਪਲ ਸੁਰਜੀਤ ਸਿੰਘ

ਗੁਰਮਤਿ ਪਰਮ ਸਚ (Absolute Truth) ਆਦਿ ਸਚੁ ਜੁਗਾਦਿ ਸਚੁ, ਹੈਭੀ ਸਚੁ, ਨਾਨਕ ਹੋਸੀ ਭੀ ਸਚੁ ਦੀ ਹੋਂਦ ਨੂੰ ਇੱਕ ਜਾਗਤ ਜੋਤਿ ਦੇ ਰੂਪ ਵਿੱਚ ਪ੍ਰਵਾਨ ਕਰਦੀ ਹੈ । ਜੋਤਿ ਨੂੰ ਸਪਿਰਿਟ ਵੀ ਆਖ ਸਕਦੇ ਹਾਂ । ਇਹ ਸਵੈ ਪ੍ਰਕਾਸ਼ ਤਾਂ ਹੁੰਦੀ ਹੈ, ਪਰ ਇਸ ਦਾ ਕੋਈ ਆਕਾਰ ਨਹੀਂ ਹੁੰਦਾ । ਇਹ ਨਿਰਾਕਾਰ ਹੁੰਦੀ ਹੈ । ਇਸ ਨੂੰ ਸ਼ਬਦ ਰੂਪ ਵਿੱਚ, ਸਰਗੁਣ ਤੇ ਨਿਰਗੁਣ ਦੋਹਾਂ ਰੂਪਾਂ ਵਿੱਚ ਪਛਾਣ ਕੇ ਇਸ ਨਾਲ ਇੱਕ ਤਾਰ, ਇੱਕ ਸੁਰ ਤੇ ਇੱਕ ਰਸ ਹੋਣਾ, ਇਕਮਿਕ ਹੋਣਾ ਤੇ ਇਸ ਵਿੱਚ ਸਮਾਉਣ ਦਾ ਰਾਹ ਹੈ ਗੁਰਮਤਿ । ਸਿੱਖ ਧਰਮ ਦਾ ਅੰਤਰੀਵੀ ਮਤਲਬ ਇਸ ਜੋਤਿ ਨਾਲ ਜੁੜਨਾ ਹੀ ਹੈ । ਕਰਤਾ ਪੁਰਖ ਤੇ ਬ੍ਰਹਮ ਇਸ ਦੇ ਸਰਗੁਣ ਤੇ ਨਿਰਗੁਣ ਸਰੂਪ ਮੰਨੇ ਜਾਂਦੇ ਹਨ । ਘਟ ਘਟ ਵਿੱਚ ਵਸਦੀ, ਸਰਬ ਵਿਆਪੀ ਤੇ ਸਾਰੀ ਸ੍ਰਿਸ਼ਟੀ ਦੇ ਇੱਕ ਇੱਕ ਅੰਗ ਅੰਗ ਵਿੱਚ ਵਿਚਰਦੀ ਹੋਈ ਸਿਰਜਨਹਾਰ ਦੀ ਇਹ ਜੋਤਿ ਸ੍ਰਿਸ਼ਟੀ ਦੀ ਕੁਲ ਸਮੁਚਤਾ ਨੂੰ ਆਪਣੇ ਤੇ ਕੇਵਲ ਆਪਣੇ ਹੁਕਮ ਅਨੁਸਾਰ ਬਿਨਾ ਕਿਸੇ ਸਹਾਇਕ ਦੇ ਬੜੀ ਤਾਕ ਤੇ ਚੌਕਸ ਹੋ ਕੇ ਚਲਾ ਰਹੀ ਹੈ । ਇਸ ਲਈ ਇਹ 'ਜਾਗਤ' ਹੈ ਸਕ੍ਰਿਆ ਹੈ । ਇਸ ਜਾਗਤ ਜੋਤਿ ਤੋਂ ਬਿਨਾਂ, ਗੁਰਮਤਿ ਕਿਸੇ ਹੋਰ ਨੂੰ ਧਰਮ ਦੇ ਇਸ਼ਟ ਦੇ ਰੂਪ ਵਿੱਚ ਪ੍ਰਵਾਨ ਨਹੀਂ ਕਰਦੀ । ਇਸ ਸੰਬੰਧ ਵਿੱਚ ਹਰ ਪ੍ਰਕਾਰ ਦੀ ਦੁਬਿਧਾ, ਦੁਚਿਤੀ, ਭੁਲੇਖੇ ਤੇ ਦੂਤੀਆ ਭਾਵ ਤੋਂ ਖ਼ਬਰਦਾਰ ਰਹਿਣਾ ਤੇ ਦੁਬਿਧਾ ਦਾ ਮੁਕੰਮਲ ਪਰਹੇਜ਼ ਕਰਨਾ ਸਿੱਖ ਰਹਿਤ ਮਰਯਾਦਾ ਦਾ ਮੁਢਲਾ ਨਿਯਮ ਹੈ । ਗੁਰੂ ਨਾਨਕ ਦੇਵ ਜੀ ਦਾ ਫੁਰਮਾਨ ਹੈ:

**ਦੁਬਿਧਾ ਨ ਪੜਉ ਹਰਿ ਬਿਨੁ ਹੋਰੁ ਨ ਪੂਜਉ ਮੜੈ ਮਸਾਣਿ ਨ ਜਾਈ ॥**
**ਸੋਰਠਿ (ਮਃ ੧) - ਅੰਗ ੬੩੪**

ਗੁਰੂ ਅਰਜਨ ਦੇਵ ਕਹਿੰਦੇ ਹਨ :

**ਜਿਨ੍ਹਾ ਨੇਹੁ ਦੂਜਾਣੇ ਲਗਾ ਝੂਰਿ ਮਰਹੁ ਸੇ ਵਾਢੀਆ ॥੧॥**

**ਸੂਹੀ (ਮਃ ੫) - ਅੰਗ ੭੬੧**

ਉਹ ਤਾਂ ਅਰਦਾਸ ਕਰਦੇ ਹਨ

**ਜੇ ਤੂ ਤੁਠਾ ਕ੍ਰਿਪਾ ਨਿਧਾਨ ਨਾ ਦੂਜਾ ਵੇਖਾਲਿ ॥**
**ਏਹਾ ਪਾਈ ਮੂ ਦਾਤੜੀ ਨਿਤ ਹਿਰਦੈ ਰਖਾ ਸਮਾਲਿ ॥੩॥**

**ਸੂਹੀ (ਮਃ ੫) - ਅੰਗ ੭੬੧**

ਗੁਰੂ ਗੋਬਿੰਦ ਸਿੰਘ ਜੀ ਗੁਰਮਤਿ ਮਰਯਾਦਾ ਦੇ ਇਸ ਨਿਯਮ ਨੂੰ ਦ੍ਰਿੜ੍ਹ ਕਰਾਂਦੇ ਹੋਏ, ਹਰ ਪ੍ਰਕਾਰ ਦੀ ਦੁਬਿਧਾ, ਭੁਲੇਖੇ ਤੇ ਕਰਮ ਕਾਂਡੀ ਸਿਲਸਲੇ ਤੋਂ ਵਰਜਦੇ ਹਨ । ਮਨ ਵਿੱਚ ਇਸ ਜੋਤਿ ਦੇ ਪੂਰਨ ਰੂਪ ਵਿੱਚ ਪ੍ਰਕਾਸ਼ ਹੋਣ ਨੂੰ ਨਿਖਾਲਸ (Absolutely pure) ਖਾਲਸਾ ਹੋਣ ਦੀ ਕਸਵਟੀ ਦਸਦੇ ਹਨ ।

**ਜਾਗਤ ਜੋਤਿ ਜਪੈ ਨਿਸ ਬਾਸੁਰ ਏਕੁ ਬਿਨਾ ਮਨਿ ਨੈਕ ਨ ਆਨੈ ॥**
**ਪੂਰਨ ਪ੍ਰੇਮ ਪ੍ਰਤੀਤ ਸਜੈ ਬ੍ਰਤ ਗੋਰ ਮੜ੍ਹੀ ਮਠ ਭੂਲ ਨ ਮਾਨੈ ॥**
**ਤੀਰਥ ਦਾਨ ਦਇਆ ਤਪ ਸੰਜਮ ਏਕੁ ਬਿਨਾ ਨਹਿ ਏਕ ਪਛਾਨੈ ॥**
**ਪੂਰਨ ਜੋਤਿ ਜਗੈ ਘਟ ਮੈ ਤਬ ਖਾਲਸ ਤਾਹਿ ਨ ਖਾਲਸ ਜਾਨੈ ॥੧॥**

**੩੩ ਸਵੈਯੇ**

ਇਸ ਵਿੱਚ 'ਜਾਗਤ ਜੋਤਿ' ਭਾਵ ਜਿਉਂਦੀ, ਚੇਤੰਨ ਤੇ ਸਰਗਰਮ ਯਾਨੀ ਸਕ੍ਰਿਆ ਜੋਤਿ (dynamic spirit) ਹੈ । ਹਰ ਪ੍ਰਕਾਰ ਦੀਆਂ ਮੜ੍ਹੀਆਂ, ਮਸਾਣਾਂ, ਕਬਰਾਂ, ਮਕਬਰੇ ਤੇ ਖਾਨਕਾਹਾਂ ਨੂੰ ਅਪਣੀ ਸ਼ਰਧਾ ਦੇ ਘੇਰੇ ਤੋਂ ਕਢ ਦੇਣਾ ਹੀ ਸਿੱਖ ਰਹਿਤ ਹੈ ।

ਇਸ ਦੇ ਨਾਲ ਹੀ ਭੂਤਾਂ, ਪ੍ਰੇਤਾਂ ਤੇ ਇਸੇ ਤਰ੍ਹਾਂ ਦੀਆਂ ਹੋਰ ਤਥਾ-ਕਥਿਤ ਮਾੜੀਆਂ ਰੂਹਾਂ ਨੂੰ ਮਾਨਤਾ ਦੇਣਾ, ਉਨ੍ਹਾਂ ਨੂੰ ਪਛਾਨਣਾਂ, ਉਨ੍ਹਾਂ ਤੋਂ ਡਰਨਾ ਤੇ ਉਨ੍ਹਾਂ ਦੀ ਪੂਜਾ ਕਰਨਾ ਯਾ ਉਨ੍ਹਾਂ ਨਾਲ ਸੰਬੰਧਤ ਪਾਠ ਆਦਿ ਤੋਂ ਮੁਕੰਮਲ ਪਰਹੇਜ਼ ਕਰਨਾ ਜ਼ਰੂਰੀ ਹੈ । ਇਸ ਕਰਕੇ ਸਿੱਖੀ ਵਿੱਚ ਜਾਦੂ, ਟੂਣਿਆਂ, ਧਾਗਿਆਂ, ਤਵੀਤਾਂ ਤੇ ਤਥਾ-ਕਥਿਤ ਸਿਆਣਿਆਂ ਤੇ ਓਝਿਆਂ ਦੇ ਡੇਰਿਆਂ ਉਤੇ "ਖੇਡਣ" ਜਾਂ "ਨਚਣ" ਦੀ ਸਖ਼ਤ ਮਨਾਹੀ ਹੈ । ਗੁਰਮਤਿ ਵਿੱਚ ਸਤੀਆਂ ਤੇ ਸਮਾਧਾਂ ਨੂੰ ਕੋਈ ਸਥਾਨ ਨਹੀਂ ਦਿੱਤਾ ਗਿਆ । ਨਾ ਹੀ ਸਾਮੀ ਧਰਮਾਂ ਵਾਲੇ ਇਬਲੀਸ ਜਾਂ ਸ਼ੈਤਾਨ ਵਰਗੀਆਂ ਮਾੜੀਆਂ ਰੂਹਾਂ ਨੂੰ ਕੋਈ ਥਾਂ ਦਿੱਤੀ ਗਈ ਹੈ । ਗੁਰਮਤਿ ਅਨੁਸਾਰ ਵਾਹਿਗੁਰੂ ਕਰਤਾਰ ਨੇ ਕੋਈ ਮਾੜੀ ਰੂਹ ਜਾਂ ਚੀਜ਼ ਨਹੀਂ ਬਣਾਈ ॥

**ਆਪਿ ਭਲਾ ਕਰਤੂਤਿ ਅਤਿ ਨੀਕੀ ॥ਗਉੜੀ ਸੁਖਮਨੀ (ਮਃ ੫)-ਅੰਗ ੨੯੪**

ਫਿਰ ਮਿਥਿਹਾਸਕ ਹਸਤੀਆਂ ਬ੍ਰਹਮਾ, ਵਿਸ਼ਨੂੰ, ਮਹੇਸ਼ ਤੇ ਕਈ ਪ੍ਰਕਾਰ ਦੇ ਦੇਵੀ ਦੇਵਤਿਆਂ (ਦੁਰਗਾ, ਪਾਰਬਤੀ, ਵੈਸ਼ਨੋ ਦੇਵੀ, ਭਵਾਨੀ, ਹਿੰਗੁਲਾ ਤੇ ਕਾਲੀ ਆਦਿ) ਜਾਂ ਕਿਸੇ ਪ੍ਰਕਾਰ ਦੀ ਸ਼ਕਤੀ ਜਿਵੇਂ ਲਛਮੀ, ਸਰਸਵਤੀ ਜਾਂ ਲਿੰਗ ਅਤੇ ਫਿਰ ਹਨੂਮਾਨ, ਗਣੇਸ਼, ਨਰ ਸਿੰਘ ਤੇ ਤਥਾ-ਕਥਿਤ ਅਵਤਾਰਾਂ -ਮਛ, ਕਛ, ਤੋਂ ਲੈਕੇ ਰਾਮ ਤੇ ਕ੍ਰਿਸ਼ਨ

ਆਦਿ ਦੀ ਪੂਜਾ ਅਰਚਨਾ ਤੇ ਇਨ੍ਹਾਂ ਨਾਲ ਸੰਬੰਧਤ ਤੀਰਥਾਂ ਤੇ ਯਾਤਰਾਵਾਂ ਆਦਿ ਦਾ ਗੁਰਮਤਿ ਵਿੱਚ ਕੋਈ ਸਥਾਨ ਨਹੀਂ। ਕਿਉਂਕਿ ਇਹ ਨਾ ਤਾਂ ਜਾਗਤ-ਯਾਨੀ ਜਿਉਂਦੇ ਤੇ ਸਕ੍ਰਿਆ) ਹੀ ਹਨ ਤੇ ਨਾ ਹੀ ਜੋਤਿ।

**ਮੈ ਨ ਗਨੇਸਹਿ ਪ੍ਰਿਥਮ ਮਨਾਊ ॥ ਕਿਸਨ ਬਿਸਨ ਕਬਹੂੰ ਨ ਧਿਆਊ ॥**
**ਕਾਨਿ ਸੁਨੇ ਪਹਿਚਾਨ ਨ ਤਿਨ ਸੋ ॥ ਲਿਵ ਲਾਗੀ ਮੋਰੀ ਪਗ ਇਨ ਸੋ ॥੪੩੪॥**

**- ੨੪ ਅਵਤਾਰ ਕ੍ਰਿਸਨ**

ਜੋਤਿ ਦਾ ਕੋਈ ਅਕਾਰ ਨਹੀਂ ਹੁੰਦਾ, ਕੋਈ ਵਜੂਦ ਜਾਂ ਸਰੂਪ ਨਹੀਂ ਹੁੰਦਾ। ਸਿੱਖੀ ਵਿੱਚ ਵਿਸ਼ਵਾਸ ਦਾ ਆਧਾਰ ਕੇਵਲ ਜੋਤਿ ਸਰੂਪੀ ਨਿਰੰਕਾਰ ਹੈ। ਇਸ ਲਈ ਹਰ ਉਹ ਕੁਦਰਤੀ ਪਰਪੰਚ (Physical phenomena) ਜਿਸਦਾ ਕੋਈ ਭੌਤਕੀ ਅਕਾਰ ਹੈ, ਸਰੀਰ ਹੈ, ਜਿਸ ਨੂੰ ਮਨੁੱਖੀ ਸਰੀਰ ਦੀਆਂ ਬਿਰਤੀਆਂ (Organs of Physical rules) ਅੱਖਾਂ, ਕੰਠ, ਨੱਕ, ਜੀਭ (ਸੁਆਦ) ਤੇ ਚਮੜੀ (ਛੁਹਨ) ਦੁਆਰਾ ਪਰਸਿਆ ਜਾਂ ਪ੍ਰਤੀਤ ਕੀਤਾ ਜਾ ਸਕਦਾ ਹੈ, ਜਾਂ ਜਿਸ ਨੂੰ ਗਿਣਤੀਆਂ ਮਿਣਤੀਆਂ ਰਾਹੀਂ ਸਾਬਤ ਕੀਤਾ ਜਾ ਸਕਦਾ ਹੈ, ਜਾਂ ਜੋ ਬੁਧੀ ਤੇ ਕਿਆਸ ਦੇ ਘੇਰੇ ਵਿੱਚ ਆ ਸਕਦਾ ਹੈ, ਗੁਰਮਤਿ ਦੇ ਇਸ਼ਟ ਦੇ ਘੇਰੇ ਤੋਂ ਬਾਹਰ ਹੋ ਜਾਂਦਾ ਹੈ। ਸੂਰਜ ਤੇ ਚੰਦ੍ਰਮਾਂ ਤੇ ਕਈ ਪ੍ਰਕਾਰ ਦੇ ਨਛਤ੍ਰ, (planets) ਹਵਾ, ਪਾਣੀ, ਅੱਗ, ਦਰਿਆ, ਪਹਾੜ, ਜੰਗਲ ਜਾਂ ਰੁੱਖ-ਖ਼ਾਸ ਕਰਕੇ ਪਿਪਲ, ਜਾਨਵਰ, ਜਿਵੇਂ ਗਊ, ਨਾਗ, ਸ਼ੇਰ ਜਾਂ ਕੁਦਰਤ ਦਾ ਕੋਈ ਖ਼ਾਸ ਕ੍ਰਿਸ਼ਮਾ, ਸਿੱਖੀ ਦੇ ਇਸ਼ਟ ਦੀ ਉਪਰ ਦਸੀ ਪ੍ਰੀਭਾਸ਼ਾ ਤੋਂ ਬਾਹਰ ਹੋ ਜਾਂਦਾ ਹੈ। ਇਸ ਲਈ ਇਨ੍ਹਾਂ ਦੀ, ਆਰਾਮ ਦੇਣ ਦੇ ਰੂਪ ਵਿੱਚ ਪੂਜਾ, ਜਾਂ ਇਨ੍ਹਾਂ ਨਾਲ ਸੰਬੰਧਤ ਬ੍ਰਤ, ਨੇਮ, ਹਵਨ, ਪਾਠ, ਮੰਨਤਾਂ, ਚੜ੍ਹਾਵੇ ਤੇ ਪ੍ਰਸ਼ਾਦ ਆਦਿ ਜਾਂ ਇਨ੍ਹਾਂ ਦੇ ਮੰਦਰ ਤੇ ਉਨ੍ਹਾਂ ਲਈ ਯਾਤ੍ਰਾਵਾਂ, ਮੇਲ ਤੇ ਦਿਨ ਦਿਹਾੜੇ ਸਿੱਖੀ ਵਿੱਚ ਵਰਜਿਤ ਹਨ। ਹਰਿਦੁਆਰ, ਨਾਸਕ, ਪੁਸ਼ਕਰ ਨਾਥ, (ਰਾਜਸਥਾਨ) ਪ੍ਰਯਾਗ ਤੇ ਕਾਸ਼ੀ ਆਦਿ ਤੀਰਥਾਂ ਦਾ ਸਿੱਖੀ ਵਿੱਚ ਕੋਈ ਸਥਾਨ ਤੇ ਕੋਈ ਮਹਤਵ ਨਹੀਂ।

ਇਹ ਵੀ ਪ੍ਰਵਾਣ ਨਹੀਂ ਕੀਤਾ ਜਾਂਦਾ ਕਿ ਨਿਰੰਕਾਰ ਕੇਵਲ ਕਿਸੇ ਖਾਸ ਦਿਸ਼ਾ, ਪੂਰਬ, ਪੱਛਮ, ਉੱਤਰ ਜਾਂ ਦਖਣ ਵਿੱਚ ਮੌਜੂਦ ਹੈ। ਕਿਸੇ ਇੱਕ ਦਿਸ਼ਾ ਜਾਂ ਦੇਸ਼ ਦਾ ਵਿਚਾਰ ਸਭ ਘਟ ਤਿਸਕੇ, ਸਭ ਤਿਸ ਕੇ ਠਾਉ (ਸੁਖਮਨੀ, ਪੰ: ੨੯੪) ਵਾਲੇ ਨਿਰੰਕਾਰ ਨੂੰ ਸਰਬ ਵਿਆਪੀ ਨਹੀਂ ਰਹਿਣ ਦੇਵੇਗਾ।

ਜਿਵੇਂ ਪਹਿਲੇ ਹੀ ਸੁਧਾ-ਸਵੈਯੇ ਵਿੱਚ ਗੁਰੂ ਗੋਬਿੰਦ ਸਿੰਘ ਜੀ ਨੇ ਕਿਹਾ ਹੈ:

**ਸ੍ਰਾਵਗ ਸੁਧ ਸਮੂਹ ਸਿਧਾਨ ਕੇ ਦੇਖਿ ਫਿਰਿਓ ਘਰਿ ਜੋਗਿ ਜਤੀ ਕੇ ॥**
**ਸੂਰ ਸੁਰਾਰਦਨ ਸੁਧ ਸੁਧਾਦਿਕ ਸੰਤ ਸਮੂਹ ਅਨੇਕ ਮਤੀ ਕੇ ॥**
**ਸਾਰੇ ਹੀ ਦੇਸ ਕੋ ਦੇਖਿ ਰਹਿਯੋ ਮਤ ਕੋਊ ਨ ਦੇਖੀਅਤ ਪ੍ਰਾਨ ਪਤੀ ਕੇ ॥**
**ਸ੍ਰੀ ਭਗਵਾਨ ਕੀ ਭਾਇ ਕ੍ਰਿਪਾ ਹੂੰ ਤੇ ਏਕ ਰਤੀ ਬਿਨੁ ਏਕ ਰਤੀ ਕੇ ॥੧॥੨੧॥**

**- ਅਕਾਲ ਉਸਤਤਿ**

ਹਰ ਪ੍ਰਕਾਰ ਦੇ ਹੋ ਚੁਕੇ, ਜਾਂ ਮੌਜੂਦਾ ਸਿਧ, ਜਤੀ, ਜੰਗਮ, ਜੋਗੀ, ਸ੍ਰਾਵਗ ਤੇ ਸਰੇਵੜੇ (ਗੌਤਮ ਬੁਧ ਜਾਂ ਮਹਾਂਵੀਰ ਵਰਗੇ ਤੀਰਥੰਕਰ ਤੇ ਦਿਗੰਬਰ ਆਦਿ) ਪੀਰ, ਫ਼ਕੀਰ, ਕੁਤਬ, ਗੌਸ, ਔਲੀਏ, ਸਾਧੂ ਸੰਤ ਜਾਂ ਦੇਹਧਾਰੀ ਗੁਰੂ ਤੇ ਕਰਾਮਾਤਾਂ ਦਿਖਾਣ

ਵਾਲੇ ਸਾਂਈ ਬਾਬੇ ਆਦਿ ਕੋਈ ਵੀ ਜੋਤਿ ਦੀ ਪਰੀਭਾਸ਼ਾ ਉੱਤੇ ਪੂਰੇ ਨਹੀਂ ਉੱਤਰਦੇ। ਇਨ੍ਹਾਂ ਨੂੰ ਮਾਣਤਾ ਦੇਣ, ਇਨ੍ਹਾਂ ਦੇ ਡੇਰਿਆਂ ਤੇ ਪਾਠਾਂ ਉੱਤੇ ਜਾਣ ਤੇ ਇਨ੍ਹਾਂ ਤੋਂ ਮਰਾਦਾਂ ਮੰਗਣ ਦੀ ਸਿੱਖੀ ਵਿੱਚ ਸਖਤ ਮਨਾਹੀ ਹੈ।

**ਹਰਿ ਇਕੋ ਦਾਤਾ ਸੇਵੀਐ ਹਰਿ ਇਕੁ ਧਿਆਈਐ ॥**
**ਹਰਿ ਇਕੋ ਦਾਤਾ ਮੰਗੀਐ ਮਨ ਚਿੰਦਿਆ ਪਾਈਐ ॥**
**ਜੇ ਦੂਜੇ ਪਾਸਹੁ ਮੰਗੀਐ ਤਾ ਲਾਜ ਮਰਾਈਐ ॥**
**ਵਡਹੰਸ ਕੀ ਵਾਰ (ਮਃ ੪) – ਅੰਗ ੫੯੦**

ਸਪਸ਼ਟ ਹੀ ਜਾਗਤ ਜੋਤਿ ਦਾ ਸੰਕਲਪ ਹਰ ਪ੍ਰਕਾਰ ਦੀ ਵਿਅਕਤੀ ਪੂਜਾ ਨੂੰ ਗੁਰਮਤਿ ਦੇ ਘੇਰੇ ਵਿਚੋਂ ਬਾਹਰ ਕਢਦਾ ਹੈ। ਅਤੇ ਵਿਅਕਤੀਵਾਦ (Personality cult) ਨੂੰ ਵੀ ਖਤਮ ਕਰਦਾ ਹੈ। ਇਸੇ ਲਈ ਕਿਸੇ ਪ੍ਰਕਾਰ ਦੇ ਬੁਤ, ਮੂਰਤੀਆਂ ਤੇ ਤਸਵੀਰਾਂ ਸਿੱਖੀ ਵਿੱਚ ਪ੍ਰਵਾਣ ਨਹੀਂ ਕੀਤੀਆਂ ਜਾ ਸਕਦੀਆਂ। ਕਿਉਂਕਿ ਇਹ ਮੂਰਤੀਆਂ ਤੇ ਤਸਵੀਰਾਂ ਸਰੀਰਾਂ ਨਾਲ ਸੰਬੰਧਤ ਹੁੰਦੀਆਂ ਹਨ, ਇਹ ਜੋਤਿ ਤੇ ਖ਼ਾਸ ਕਰਕੇ ਜਾਗਤ ਜੋਤਿ ਦੀ ਨੁਮਾਇੰਦਗੀ ਨਹੀਂ ਕਰਦੀਆਂ।

ਗੁਰੂ ਸਾਹਿਬਾਨ ਦੀਆਂ ਤਸਵੀਰਾਂ ਦਾ ਰਿਵਾਜ਼ ਆਮ ਪ੍ਰਚਲਤ ਹੋ ਗਿਆ ਹੈ। ਕੁਝ ਵਿਚਾਰਵਾਨ ਇਸ ਨੂੰ ਵੀ ਮਨਮਤ ਆਖਦੇ ਹਨ। ਤਸਵੀਰ ਤਾਂ ਸਰੀਰ ਦੀ ਹੁੰਦੀ ਹੈ, ਜੋਤਿ ਦੀ ਤਸਵੀਰ ਨਹੀਂ ਹੋ ਸਕਦੀ। ਗੁਰੂ ਸਾਹਿਬ ਦੇ ਸਰੀਰਕ ਰੂਪ ਵਿੱਚ ਦਰਸ਼ਨ ਬਾਰੇ ਗੁਰੂ ਅਮਰਦਾਸ ਦਾ ਹੇਠਾਂ ਦਰਜ਼ ਫੁਰਮਾਨ ਬੜਾ ਸਪਸ਼ਟ ਹੈ।

**ਸਤਿਗੁਰ ਨੋ ਸਭੁ ਕੋ ਵੇਖਦਾ ਜੇਤਾ ਜਗਤੁ ਸੰਸਾਰੁ ॥**
**ਡਿਠੈ ਮੁਕਤਿ ਨ ਹੋਵਈ ਜਿਚਰੁ ਸਬਦਿ ਨ ਕਰੇ ਵੀਚਾਰੁ ॥**
**ਵਡਹੰਸ ਕੀ ਵਾਰ (ਮਃ ੩ – ਅੰਗ ੫੯੪**

ਇਸੇ ਵਾਸਤੇ ਸ਼ਬਦ ਵਿਚਾਰ ਵਿੱਚ ਜੁੜੀ ਸੰਗਤ ਵਿਚੋਂ ਗੁਰੂ ਸਾਹਿਬਾਨ ਦੇ ਦਰਸ਼ਨ ਕਰਨ ਨੂੰ ਕਈ ਵਾਰੀ ਦ੍ਰਿੜ੍ਹ ਕੀਤਾ ਗਿਆ ਹੈ। ਭਾਈ ਗੁਰਦਾਸ ਦਾ ਕਥਨ ਹੈ :

**ਗੁਰੁ ਮੂਰਤਿ ਗੁਰ ਸਬਦੁ ਹੈ ਸਾਧ ਸੰਗਤਿ ਵਿੱਚ ਪ੍ਰਗਟੀ ਆਇਆ।**
**(ਵਾਰ ੨੪, ਪਉੜੀ ੨੪)**

ਇਥੇ ਇਹ ਲਿਖਣਾ ਵੀ ਉਚਿਤ ਹੋਵੇਗਾ ਕਿ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਵਲੋਂ ਗੁਰੂ ਨਾਨਕ ਦੇਵ ਜੀ ਦੀ ਸੋਭਾ ਸਿੰਘ ਚਿਤ੍ਰਕਾਰ ਦੀ ਬਣਾਈ ਹੋਈ ਤਸਵੀਰ ਨੂੰ ਮਾਨਤਾ ਦੇਣ ਲਈ ਸਦੀ ਗਈ ਕਮੇਟੀ ਦੀ ਮੀਟਿੰਗ ਵਿੱਚ ਡਾ. ਸਾਹਿਬ ਸਿੰਘ ਨੇ ਇਸ ਲਈ ਜਾਣ ਤੋਂ ਇਨਕਾਰ ਕਰ ਦਿੱਤਾ ਸੀ ਕਿ ਉਹ ਤਾਂ ਸਾਰੀ ਉਮਰ ਨਿਰਾਕਾਰ ਜੋਤਿ ਦਾ ਪਰਚਾਰ ਕਰਦੇ ਰਹੇ ਹਨ। ਜੋਤਿ ਸਰੂਪ ਉੱਤੇ ਜੋਰ ਦਿੰਦੇ ਰਹੇ ਹਨ। ਉਹ ਗੁਰੂ ਨਾਨਕ ਦੇਵ ਦੀ ਤਸਵੀਰ ਨੂੰ ਕਿਵੇਂ ਮਾਨਤਾ ਦੇ ਸਕਦੇ ਹਨ। (ਹਵਾਲਾ : ਨਾਨਕ ਪ੍ਰਕਾਸ਼ ਪਤ੍ਰਿਕਾ ਭਾਈ ਸਾਹਿਬ ਸਿੰਘ ਅੰਕ, ਪੰਜਾਬੀ ਯੂਨੀਵਰਸਿਟੀ ਪਟਿਆਲਾ, ਦਸੰਬਰ 1991)

**ਇਸ ਮਨਮਤ ਤੋਂ ਕਿਵੇਂ ਬੱਚਿਆ ਜਾਵੇ ?**

ਯਾਦ ਰਹੇ, ਜਿਸ ਦਾ ਆਕਾਰ ਹੈ, ਸਰੀਰ ਹੈ, ਉਸਨੇ "ਜੋ ਘੜਿਆ ਸੋ ਭਜਸੀ" ਅਨੁਸਾਰ ਜਰੂਰ ਮਰਨਾ ਹੈ, ਬਿਨਸ ਜਾਣਾ ਹੈ। ਇਸ ਲਈ ਇਹ ਕਦੀ ਵੀ ਸਦੀਵੀ ਸੱਚ

ਨਹੀਂ ਹੋ ਸਕਦਾ। ਸਤਿਨਾਮ ਦੀ ਕਸਵਟੀ ਉੱਤੇ ਪੂਰਾ ਨਹੀਂ ਉੱਤਰਦਾ। ਉਹ ਕਦੀ ਵੀ ਆਦਿ ਸਚੁ, ਜੁਗਾਦਿ ਸਚੁ, ਹੈ ਭੀ ਸਚੁ, ਨਾਨਕ ਹੋਸੀ ਭੀ ਸਚੁ ਨਹੀਂ ਹੋ ਸਕਦਾ। ਇਹ ਅਜੂਨੀ ਤੇ ਸੈਭੰ ਦੀ ਕਸਵਟੀ ਉੱਤੇ ਵੀ ਪੂਰਾ ਨਹੀਂ ਉੱਤਰਦਾ, ਕਿਉਂਕਿ ਇਸ ਨੂੰ ਮਾਤਾ ਪਿਤਾ ਜਨਮ ਦਿੰਦੇ ਹਨ। ਕੋਈ ਵੀ ਆਕਾਰ ਜਾਂ ਤਸਵੀਰ ਜਾਂ ਮੂਰਤੀ, "ਥਾਪਿਆ ਨ ਜਾਇ ਕੀਤਾ ਨ ਹੋਇ" ਦੀ ਕਸਵਟੀ ਉੱਤੇ ਪੂਰੀ ਨਹੀਂ ਉੱਤਰਦੀ। "ਆਪੇ ਆਪਿ ਨਿਰੰਜਨੁ ਸੋਇ" ਦੀ ਕਸਵਟੀ ਉੱਤੇ ਤਾਂ ਕੇਵਲ ਸ਼ਬਦ ਰੂਪ ਵਿੱਚ ਪ੍ਰਗਟ ਹੁੰਦੀ ਜੋਤਿ ਹੀ ਪੂਰੀ ਉੱਤਰ ਸਕਦੀ ਹੈ।

ਪਥਰ ਦੀ ਬਣੀ ਮੂਰਤ ਦੀ ਪੂਜਾ ਅਰਚਨਾ ਕਰਨ ਬਾਰੇ ਭਗਤ ਕਬੀਰ ਜੀ ਨੇ ਸਪਸ਼ਟ ਕਿਹਾ ਹੈ :

**" ਸਤਿਗੁਰੂ ਜਾਗਤਾ ਹੈ ਦੇਉ।...**
**ਜੇ ਏਹ ਮੂਰਤਿ ਸਾਚੀ ਹੈ ਤਉ ਗੜ੍ਹਣ ਹਾਰੇ ਖਾਉ ॥ਆਸਾ ਕਬੀਰ ਜੀ, ਪੰ: ੪੭੯**

ਇਸੇ ਹੀ ਤਰ੍ਹਾਂ ਸ੍ਰੀ ਕ੍ਰਿਸ਼ਨ ਜੀ ਦੇ ਪਰਮਾਤਮਾਂ ਦਾ ਰੂਪ ਜਾਂ ਭਗਵਾਨ ਹੋਣ ਦੇ ਭੁਲੇਖੇ ਨੂੰ ਦੂਰ ਕਰਨ ਲਈ ਕਹਿੰਦੇ ਹਨ ਕਿ ਜੇਕਰ ਨੰਦ (ਕ੍ਰਿਸ਼ਨ ਦਾ ਪਿਤਾ) ਨਾ ਹੁੰਦਾ ਤਾਂ ਕ੍ਰਿਸ਼ਨ ਕਿਥੋਂ ਆਉਂਦਾ ?

ਇਸ ਲਈ ਮੂਲ ਮੰਤ੍ਰ ਵਿੱਚ ਇਸ਼ਟ ਦੇ ਇਸ ਜਾਗਤ ਜੋਤਿ ਸਰੂਪ ਨੂੰ "ਅਕਾਲ ਮੂਰਤਿ" ਕਿਹਾ ਹੈ, ਜਿਸਦੀ ਹਸਤੀ ਤਾਂ ਹੈ ਪਰ ਇਹ ਕਾਲ ਰਹਿਤ ਹੈ। ਅਜੂਨੀ ਵੀ ਹੈ ਤੇ ਸੈਭੰ ਵੀ। ਕੇਵਲ ਜਾਗਤ ਜੋਤਿ ਹੀ ਐਸੀ ਹਸਤੀ ਹੋ ਸਕਦੀ ਹੈ ਜੋ ਤ੍ਰੈਗੁਣ ਅਤੀਤ ਹੈ, ਜਿਸ ਉੱਤੇ ਸਮੇਂ ਜਾਂ ਕਾਲ ਦਾ ਕੋਈ ਅਸਰ ਨਹੀਂ, ਇਸੇ ਲਈ ਇਹ ਨਿਰਭਉ ਵੀ ਹੈ ਤੇ ਨਿਰਵੈਰ ਵੀ। ਇਸ ਕਰਕੇ ਰਹਿਤ ਨਾਮਿਆਂ ਵਿੱਚ ਆਦੇਸ਼ ਹੈ :

**"ਪੂਜਾ ਅਕਾਲ ਕੀ" ॥**

ਜਾਗਤ ਜੋਤਿ ਦੇ ਸੰਬੰਧ ਵਿੱਚ ਇੱਕ ਬੜੀ ਦਿਲਚਸਪ ਗੱਲ ਇਹ ਹੈ ਕਿ ਗੁਰਮਤਿ ਵਿੱਚ ਪਰਮ ਸਚ, ਨਿਰੰਕਾਰ ਦੇ ਸਰਗੁਣ ਨਿਰਗੁਣ, ਸੁੰਨ ਤੇ ਸਮਾਧ ਰੂਪਾਂ ਨੂੰ ਪ੍ਰਵਾਣ ਤਾਂ ਕੀਤਾ ਗਿਆ ਹੈ ਪ੍ਰੰਤੂ ਨਾਮ ਦਾ ਸੰਕਲਪ ਇਸ ਨੂੰ ਐਸੇ ਰੂਪ ਵਿੱਚ ਪੇਸ਼ ਕਰਦਾ ਹੈ ਜੋ ਆਪਣੀ ਕਿਰਤ (creation - ਕੁਦਰਤ) ਵਿਚੋਂ ਆਪਣੇ ਆਪ ਹੀ ਪ੍ਰਗਟ ਹੁੰਦਾ ਹੈ:

**ਸਰਗੁਨ ਨਿਰਗੁਨ ਨਿਰੰਕਾਰ ਸੁੰਨ ਸਮਾਧੀ ਆਪਿ ॥**
**ਆਪਨ ਕੀਆ ਨਾਨਕਾ ਆਪੇ ਹੀ ਫਿਰਿ ਜਾਪਿ ॥੧॥**
**ਗਉੜੀ ਸੁਖਮਨੀ (ਮ: ੫) - ਅੰਗ ੨੯੦**

ਸੁੰਨ ਤੇ ਸਮਾਧ ਦੋਵੇਂ ਹੀ ਐਸੇ ਸਰੂਪ ਹਨ ਜੋ ਸਕ੍ਰਿਆ (dynamic) ਨਹੀਂ, ਜਾਗਤ ਨਹੀਂ। ਇਸ ਲਈ ਗੁਰਮਤਿ ਵਿੱਚ-ਇਨ੍ਹਾਂ ਨੂੰ ਇੱਕ ਪਾਸੇ ਛੱਡ ਦਿੱਤਾ ਗਿਆ ਹੈ। ਸੁੰਨ ਤੇ ਸਮਾਧ ਰੂਪ ਦੇ ਧਾਰਨੀਆਂ, ਸਿਧਾਂ, ਜੋਗੀਆਂ ਆਦਿ ਨੇ ਤਿਆਗ ਤੇ ਨਿਰ ਵਿਕਲਪ ਸਮਾਧੀ ਨੂੰ ਧਰਮ ਦੇ ਰਾਹ ਦੇ ਰੂਪ ਵਿੱਚ ਅਪਣਾਇਆ ਹੈ। ਇਸ ਨਾਲ ਦੁਨੀਆ ਦਾ ਚਲਦਾ ਪ੍ਰਵਾਹ ਰੁਕ ਜਾਣ ਤੇ ਸਾਧਾਰਨ ਜੀਵਨ ਦੇ ਠੱਪ ਹੋ ਜਾਣ ਦੇ ਅਵਸਰ ਪੈਦਾ ਹੋ ਜਾਂਦੇ ਹਨ।

ਗੁਰਮਤਿ ਵਿੱਚ ਜਿਉਂਦੀ ਤੇ ਸਕ੍ਰਿਆ ਜ਼ਿੰਦਗੀ ਨਾਲ ਸਿਧਾ ਮੇਲ ਰਖਣ ਲਈ ਜਾਗਤ ਜੋਤਿ ਦਾ ਸੰਕਲਪ ਲਿਆ ਗਿਆ ਹੈ। ਇਸ ਜਾਗਤ ਜੋਤਿ ਨੂੰ ਇਸ਼ਟ ਦੇ ਰੂਪ

ਵਿੱਚ ਪ੍ਰਵਾਣ ਕਰਨ ਕਰਕੇ ਹੀ ਸਿੱਖ ਧਰਮ ਗਤੀਮਾਨ (dynamic) ਧਰਮ ਬਣਦਾ ਹੈ, ਜੋ ਜਿੰਦਗੀ ਦੇ ਸਾਰੇ ਪਹਿਲੂਆਂ ਨੂੰ ਕੁੱਲ ਕਾਇਨਾਤ ਦੀ, ਅਨੇਕਤਾ ਵਿੱਚ ਏਕਤਾ (Unity in diversity) ਦੀ ਚਾਲ ਅਨੁਸਾਰ ਅਪਣੇ ਕਲਾਵੇ ਵਿੱਚ ਲੈਂਦਾ ਹੈ । ਯਾਦ ਰਹੇ ਕਿ ਇਹ ਜੋਤਿ ਸਚੇ ਗੁਰੂ ਦੀ ਮਤ, ਉਸਦੀ ਸਿਖਿਆ ਦੁਆਰਾ ਹੀ ਪ੍ਰਗਟ ਹੁੰਦੀ ਹੈ, ਇਸ ਦੀ ਸਮਝ ਆਉਂਦੀ ਹੈ

**ਗੁਰ ਸਾਖੀ ਜੋਤਿ ਪਰਗਟੁ ਹੋਇ ॥ ਸੋਹਿਲਾ ਧਨਾਸਰੀ (ਮः ੧) – ਅੰਗ ੧੩**

**ਧੰਨਵਾਦ ਸਹਿਤ ਵਿਚੋਂ :-**

**ਗੁਰਮਤਿ ਚੇਤਨਾ ਕੈਂਪ ਮੈਨੂਅਲ**

## ਗੁਰੂ ਤੇ ਸਿੱਖ

**ਗਿ. ਸੰਤ ਸਿੰਘ 'ਮਸਕੀਨ'**

ਸੰਸਾਰ ਦਾ ਹਰ ਜ਼ੱਰਰਾ ਆਪਣੇ ਵਿੱਚ ਇਤਨੇ ਭੇਦ ਛੁਪਾਈ ਬੈਠਾ ਹੈ ਕਿ ਖੋਜਨ ਲੱਗਿਆਂ ਕਈ ਜੀਵਨ ਲੰਘ ਸਕਦੇ ਹਨ । ਜਾਨਣ ਦੀ, ਸਿੱਖਣ ਦੀ ਬਿਰਤੀ ਹੋਵੇ ਤਾਂ ਸੰਸਾਰ ਅੰਦਰ ਸਿੱਖਣ ਵਾਸਤੇ ਬਹੁਤ ਕੁਛ ਹੈ । ਹਰ ਜ਼ੱਰਰਾ, ਹਰ ਪੱਤਾ, ਹਰ ਕੰਕਰ, ਹਰ ਜੀਵ-ਜੰਤ ਮਨੁੱਖ ਨੂੰ ਜੀਵਨ ਦੀ ਕੋਈ ਕਲਾ ਸਿਖਾ ਸਕਦਾ ਹੈ ।

ਕਬੀਰ ਰਸਤੇ ਦੇ ਰੋੜੇ ਤੋਂ ਵੀ ਸੱਚ ਦੀ ਪ੍ਰੇਰਨਾ ਲੈਂਦੇ ਹਨ ਪਰ ਰੋੜ ਕਿਧਰੇ ਰਸਤੇ ਦਾ ਰੋੜ ਨਾ ਬਣ ਜਾਵੇ ਇਹ ਵੀ ਸਿਖਸ਼ਾ ਲੈਂਦੇ ਹਨ । ਪੈਰਾਂ ਦੀ ਖ਼ਾਕ ਤੋਂ ਨਿਰਮਾਨਤਾ ਦੀ ਪ੍ਰੇਰਨਾ ਲੈਂਦੇ ਹਨ ਪਰ ਹਵਾ ਦੇ ਝਰੋਕਿਆਂ ਨਾਲ ਪੈਰਾਂ ਦੀ ਖ਼ਾਕ ਉਡ ਕੇ ਸਰੀਰ ਤੇ ਪੈ ਕੇ ਤਨ ਨੂੰ ਮੈਲਾ ਵੀ ਕਰ ਸਕਦੀ ਹੈ । ਕਈ ਦਫ਼ਾ ਨਿਰਮਾਣ ਬੰਦਾ ਉਤਨੇ ਚਿਰ ਤੱਕ ਹੀ ਰਹਿੰਦਾ ਹੈ, ਜਿਤਨੇ ਤੱਕ ਹੰਕਾਰ ਪ੍ਰਗਟ ਕਰਨ ਦਾ ਅਵਸਰ ਨਾ ਮਿਲੇ । ਮੌਕਾ ਮਿਲਦਿਆਂ ਜੇ ਪੈਰਾਂ ਦੀ ਖ਼ਾਕ ਸਿਰ ਤੇ ਆਣ ਪਵੇ ਤਾਂ ਕਬੀਰ ਕਹਿੰਦੇ ਹਨ, ਐਸੀ ਖ਼ਾਕ ਦੀ ਵੀ ਲੋੜ ਨਹੀਂ । ਕਈ ਪੈਰਾਂ ਤੇ ਸਿਰ ਇਸ ਵਾਸਤੇ ਰੱਖਦੇ ਹਨ ਕਿ ਵਕਤ ਪਾ ਕੇ ਆਪਣੇ ਪੈਰ ਕਿਸੇ ਦੇ ਸਿਰ ਤੇ ਰੱਖ ਸਕਣ ਤਾਂ ਫਿਰ ਸਰਲਤਾ ਤੇ ਪਰਉਪਕਾਰ ਦੀ ਪ੍ਰੇਰਨਾ ਆਪ ਜਲ ਤੋਂ ਲੈਂਦੇ ਹਨ-ਇਹ ਪਿਆਸ ਬੁਝਾਂਦਾ ਹੈ ਤੇ ਅਪਵਿੱਤ੍ਰ ਤਨ ਨੂੰ ਇਸ਼ਨਾਨ ਰਾਹੀਂ ਨਿਰਮਲ ਕਰ ਦੇਂਦਾ ਹੈ । ਪਰ ਕਈ ਪਰਉਪਕਾਰੀ ਸੁੱਭਾ ਕਰਕੇ ਪਰਉਪਕਾਰੀ ਨਹੀਂ ਹੁੰਦੇ, ਉਂਝ ਪਰਉਪਕਾਰ ਕਰੀ ਜਾਂਦੇ ਹਨ; ਕਿਸੇ ਗ਼ਰਜ਼ ਕਰਕੇ ਯਾ ਮਜਬੂਰੀ ਕਰਕੇ । ਜਿਵੇਂ ਪਾਣੀ ਰਾਤ ਵਿੱਚ ਠੰਡਾ ਤੇ ਸੂਰਜ ਦੀਆਂ ਕਿਰਨਾਂ ਨਾਲ ਗਰਮ ਹੋ ਜਾਂਦਾ ਹੈ । ਕਈ ਸ਼ਾਂਤ ਮਨੁੱਖ ਇਸ ਵਾਸਤੇ ਸ਼ਾਂਤ ਹਨ ਕਿਉਂਕਿ ਉਨ੍ਹਾਂ ਨੂੰ ਗਰਮ ਹੋਣ ਦਾ ਮੌਕਾ ਨਹੀਂ ਮਿਲਿਆ । ਪਾਣੀ ਦਾ ਆਪਣਾ ਕੋਈ ਰੰਗ ਵੀ ਨਹੀਂ ਹੈ । ਪੀਲਾ ਰੰਗ ਪਾਈਏ ਪੀਲਾ ਹੋ ਜਾਂਦਾ ਹੈ । ਹਰਾ ਪਾਈਏ ਹਰਾ ਤੇ ਜੇ ਕਾਲਾ ਪਾਈਏ ਤਾਂ ਝੱਟ ਕਾਲਾ ਵੀ ਹੋ ਜਾਂਦਾ ਹੈ । ਕਈ ਸਤਿਸੰਗ ਵਿੱਚ ਬੈਠੇ ਤਾਂ ਸਤਿਸੰਗੀ ਪ੍ਰਤੀਤ ਹੁੰਦੇ ਹਨ, ਪਰ ਕੁਸੰਗ ਵਿੱਚ ਬੈਠ ਕੇ ਛੇਤੀ ਕੁਸੰਗ ਦਾ ਅਸਰ ਵੀ ਕਬੂਲ ਕਰ ਲੈਂਦੇ ਹਨ । ਸੋ ਕਬੀਰ ਜੀ ਕਹਿੰਦੇ ਹਨ, ਜੈਸਾ ਪ੍ਰਮਾਤਮਾ ਹੈ ਵੈਸਾ ਹੀ ਮਨੁੱਖ ਨੂੰ ਹੋਣਾ ਚਾਹੀਏ । ਸੱਚ ਦੀ ਪ੍ਰਾਪਤੀ ਵਾਸਤੇ ਸਤਯਵਾਦੀ ਹੋਣਾ ਅਤੀ ਲਾਜ਼ਮੀ ਹੈ ਤੇ ਸੱਚ ਦੀ ਪ੍ਰੇਰਨਾ ਸੱਚ ਤੋਂ ਹੀ ਮਿਲ ਸਕਦੀ ਹੈ :

ਯਥਾ: ਕਬੀਰ ਰੋੜਾ ਹੋਇ ਰਹੁ ਬਾਟ ਕਾ ਤਜਿ ਮਨ ਕਾ ਅਭਿਮਾਨੁ ॥
ਐਸਾ ਕੋਈ ਦਾਸੁ ਹੋਇ ਤਾਹਿ ਮਿਲੈ ਭਗਵਾਨੁ ॥੧੪੬॥ –
ਸਲੋਕ (ਭ. ਕਬੀਰ) ਅੰਗ ੧੩੭੨

ਸੰਸਕ੍ਰਿਤ ਦੇ ਸ਼ਿਸ਼ਯ ਸ਼ਬਦ ਦਾ ਪੰਜਾਬੀ ਰੂਪ ਸਿੱਖ ਹੈ–ਸਿਖਿਆ ਲੈਣ ਵਾਲਾ । ਮਨੁੱਖ ਦੇ ਅੰਦਰ ਸਿੱਖਣੇ ਦੀ ਰੁਚੀ ਤਾਂ ਹੈ, ਪਰ ਕੀ ਸਿੱਖੀਏ ਤੇ ਕਿਸ ਤੋਂ ਸਿੱਖੀਏ ? ਇਸ ਗੱਲ ਦੇ ਸਮਝਣ ਵਿੱਚ ਬਹੁਤੇ ਮਨੁੱਖ ਅਸਮਰਥ ਹੁੰਦੇ ਹਨ । ਉਸ ਗੁਰੂ ਦੀ ਲੋੜ ਪੈਂਦੀ ਹੈ ਜੋ ਸਹੀ ਸਿਖਿਆ ਦੇ ਸਕੇ । ਗੁਰੂ ਉਹ ਹੈ ਜੋ ਸਿਖਿਆ ਨਾਲ ਜੋੜੇ ਤੇ ਸਿਖਿਆ ਉਹ, ਜਿਸ ਵਿੱਚ ਸੱਚ ਦਾ ਨਿਰੁਪਣ ਹੋਵੇ । ਸੱਚ ਇੱਕ ਪਰਮ–ਸ਼ਕਤੀ ਹੈ, ਵਿਅਕਤੀ ਨਹੀਂ ਹੈ । ਪਰ ਕਈ ਗੁਰੂ ਗੱਲ ਤਾਂ ਸੱਚ (ਸ਼ਕਤੀ) ਦੀ ਕਰਨਗੇ, ਪਰ ਜੋੜਨਗੇ ਆਪਣੇ ਨਾਲ ਭਾਵ ਵਿਅਕਤੀ ਨਾਲ ਜੁੜਨ ਦਾ ਵਾਤਾਵਰਣ ਬਨਾਉਣਗੇ ।

ਜੈਸੇ ਪਿਆਸ ਤਾਂ ਪਾਣੀ ਨਾਲ ਹੀ ਬੁੱਝਣੀ ਹੈ ਪਰ ਪਾਣੀ ਜਿਸ ਘੜੇ ਵਿਚੋਂ, ਜਿਸ ਸਰੋਵਰ ਤੇ ਦਰਿਆ ਵਿਚੋਂ ਮਿਲੇ, ਉਸ ਦਾ ਧੰਨਵਾਦ ਹੈ ।

ਆਤਮਿਕ ਸ਼ਾਂਤੀ ਗਿਆਨ ਤੋਂ ਬਿਨਾਂ ਹੋਣੀ ਔਖੀ ਹੈ ਪਰ ਗਿਆਨ ਜਿਸ ਥਾਂ ਤੋਂ ਮਿਲੇ ਉਸ ਦਾ ਸਤਿਕਾਰ ਹੈ । ਖਾਲੀ ਘੜਾ ਕਿਸੇ ਦੀ ਪਿਆਸ ਨਹੀਂ ਬੁਝਾ ਸਕਦਾ । ਗਿਆਨ ਤੋਂ ਹੀਣਾ ਪ੍ਰਾਣੀ ਉਸ ਦਾ ਕੀ ਸਤਿਕਾਰ ਹੋ ਸਕਦਾ ਹੈ । ਜੇ ਸਤਿਕਾਰ ਗਿਆਨ ਕਰਕੇ ਹੈ ਤਾਂ ਸਤਿਕਾਰ ਯੋਗ ਮਨੁੱਖ ਨੂੰ ਵੀ ਸਮਝ ਲੈਣਾ ਚਾਹੀਦਾ ਹੈ ਕਿ ਮੈਂ ਵੀ ਗਿਆਨ ਦਾ ਸਤਿਕਾਰ ਕਰਾਂ ।

ਗਿਆਨ ਸਾਰਾ ਅੱਖਰਾਂ ਤੇ ਆਵਾਜ਼ ਦੇ ਅਧੀਨ ਹੈ । ਆਵਾਜ਼ (ਸ਼ਬਦ) ਤਾਂ ਭਾਵੇਂ ਪਸ਼ੂ–ਪੰਖੀਆਂ ਕੋਲ ਵੀ ਹੈ ਪਰ ਅੱਖਰ ਨਹੀਂ ਹਨ, ਅੱਖਰ ਨਾ ਹੋਣ ਕਰਕੇ ਪਸ਼ੂ ਪੱਛੜ ਗਏ ਹਨ, ਸਮਝਣ ਤੇ ਸਮਝਾਉਣ ਵਾਸਤੇ ਅੱਖਰ ਲਾਜ਼ਮੀ ਹਨ :

ਅਖਰੀ ਨਾਮੁ ਅਖਰੀ ਸਾਲਾਹ ॥ (ਜਪੁਜੀ)

ਯਥਾ:

ਅਖਰ ਅੰਦਰ ਤ੍ਰਿਭਵਣ ਧਾਰੈ ॥

... ... ... ... ...

ਬਾਵਨ ਅਛਰ ਲੋਕ ਤ੍ਰੈ ਸਭੁ ਕਿਛੁ ਇਨਹੀ ਮਾਹਿ ॥
ਏ ਅੱਖਰ ਖਿਰਿ ਜਾਹਿਗੇ ਓਇ ਅੱਖਰ ਇਨ ਮਹਿ ਨਾਹਿ ॥
(ਬਾਵਨ ਅੱਖਰੀ, ਪੰਨਾ ੩੪੦)

ਆਤਮ ਪ੍ਰਕਾਸ਼ ਤਾਂ ਕਈ ਸਾਧਿਕ ਪੁਰਸ਼ਾਂ ਨੂੰ ਮਿਲ ਜਾਂਦਾ ਹੈ, ਪਰ ਅੱਖਰਾਂ ਦਾ ਬੋਧ ਨਾ ਹੋਣ ਕਰਕੇ ਕਈ ਉਸ ਪ੍ਰਕਾਸ਼ ਨੂੰ ਦੱਸਣ ਵਿਚ ਅਸਮਰਥ ਹੁੰਦੇ ਹਨ । ਸੰਸਾਰ ਵਿੱਚ ਐਸੇ ਅਨੰਤ ਪੁਰਸ਼ ਹੋਏ ਹਨ, ਜਿਨ੍ਹਾਂ ਨੂੰ ਪ੍ਰਮਾਤਮਾ ਦੀ ਸੋਝੀ ਮਿਲੀ । ਪਰ ਇੱਨਾਂ ਮਨੁੱਖ ਦਾ ਇਤਿਹਾਸ ਨਾ ਬਣ ਸਕਿਆ ਕਿਉਂਕਿ ਗਿਆਨ ਦੇਣ ਵਾਸਤੇ ਅੱਖਰੀ ਬੋਧ ਲਾਜ਼ਮੀ ਹੈ । ਭੋਜਨ ਬਨਾਉਣ ਤੇ ਵੰਡਣ ਵਾਸਤੇ ਭਾਂਡਿਆਂ ਦਾ ਹੋਣਾ ਲਾਜ਼ਮੀ ਹੈ । ਤਿਵੇਂ ਸਮਝਣ ਤੇ ਸਮਝਾਉਣ ਵਾਸਤੇ ਅੱਖਰ ਚਾਹੀਦੇ ਹਨ, ਪਰ ਜਿਵੇਂ ਖਾਲੀ ਭਾਂਡਿਆਂ ਨਾਲ ਭੁੱਖ ਨਹੀਂ ਮਿਟਦੀ, ਤਿਵੇਂ ਹੀ ਖਾਲੀ ਅੱਖਰ, ਕੋਰੇ ਅੱਖਰ ਯਾਂ ਜਿਨ੍ਹਾਂ ਅੱਖਰਾਂ–ਰੂਪੀ

ਭਾਂਡਿਆਂ ਵਿੱਚ ਗ਼ਲਤ ਪਦਾਰਥ (ਗੱਲਾਂ) ਪਿਆ ਹੋਵੇ ਉਸ ਤੋਂ ਆਤਮ-ਤ੍ਰਿਪਤੀ ਮਿਲਣੀ ਔਖੀ ਹੈ। ਸੰਸਾਰ ਦੀ ਸਾਰੀ ਸੋਝੀ ਅੱਖਰਾਂ ਤੇ ਆਵਾਜ਼ ਦੇ ਆਸਰੇ ਤੇ ਖੜੀ ਹੈ।

ਤੰਗ ਤਾਰੀਕ ਇੱਕ ਪਹਾੜੀ ਦਰਾਂ ਵਿਚੋਂ ਮਨੁੱਖ ਲੰਘਿਆ ਜਾ ਰਿਹਾ ਹੈ। ਅਚਨਚੇਤ ਉਸ ਨੇ ਨਾਲ ਦੇ ਸਾਥੀ ਨੂੰ ਕਿਹਾ ਕਿ ਸਾਹਮਣੇ ਦਰਿਆ ਹੈ - ਸਾਥੀ ਪੁੱਛਣ ਲੱਗਾ, ਤੈਨੂੰ ਦਿੱਸ ਪਿਆ ਹੈ ? ਕਹਿੰਦਾ ਹੈ ਨਹੀਂ, ਆਵਾਜ਼ ਆ ਰਹੀ ਹੈ। ਪੱਥਰਾਂ ਤੋਂ ਪਾਣੀ ਦੇ ਡਿੱਗਣ ਨਾਲ ਜੋ ਧੁਨ ਸ਼ਬਦ ਪੈਦਾ ਹੋ ਰਿਹਾ ਸੀ, ਉਸ ਆਵਾਜ਼ ਤੋਂ ਬੋਧ ਹੋ ਗਿਆ।

ਘਰ ਦੇ ਵਿਹੜੇ ਵਿੱਚ ਖੇਡ ਰਿਹਾ ਬਾਲਕ ਮਾਂ ਨੂੰ ਕਹਿਣ ਲੱਗਾ ਕਿ ਬੂਹਾ ਖੋਲ੍ਹੋ, ਬਾਹਰ ਪਿਤਾ ਜੀ ਖੜੇ ਹਨ। ਬੱਚੇ ਨੂੰ ਆਵਾਜ਼ ਤੋਂ ਆਪਣੇ ਪਿਤਾ ਦਾ ਬੋਧ ਹੋਇਆ।

ਰਾਤ ਸੁੱਤਿਆਂ ਪਿਆਂ ਕਿਸੇ ਖੜਾਕ ਤੋਂ ਚੋਰਾਂ ਦਾ ਪਤਾ ਚਲ ਜਾਂਦਾ ਹੈ। ਇੱਕ ਐਸੀ ਆਵਾਜ਼ (ਸ਼ਬਦ) ਵੀ ਹੈ, ਜਿਸ ਤੋਂ ਕ੍ਰਿਤ ਦਾ ਨਹੀਂ, ਕਰਤੇ ਦਾ ਪਤਾ ਚਲਦਾ ਹੈ।

ਆਵਾਜ਼ ਦੋ ਤਰ੍ਹਾਂ ਦੀ ਮੰਨੀ ਗਈ ਹੈ-ਆਹਤ ਤੇ ਅਨਾਹਦ। ਜੋ ਆਵਾਜ਼ ਦੋ ਵਸਤੂਆਂ ਦੇ ਟਕਰਾਓ ਤੋਂ ਪੈਦਾ ਹੋਵੇ, ਉਹ ਆਹਤ ਹੈ ਤੇ ਜੋ ਆਪੇ ਪੈਦਾ ਹੋਵੇ ਉਸ ਨੂੰ ਅਨਾਹਦ ਆਖਦੇ ਹਨ। ਆਹਤ ਸ਼ਬਦ ਦੇ ਜਾਪ ਨਾਲ ਅਨਾਹਦ ਸ਼ਬਦ ਨੂੰ ਪੈਦਾ ਕਰਨਾ ਹੈ।

ਜਦ ਮਨੁੱਖ ਮੂੰਹੋਂ ਧੁਨ ਅਲਾਪੇ ਤੇ ਉਸ ਵਿੱਚ ਧਿਆਨ ਜੋੜੇ ਤਾਂ ਪ੍ਰਮਾਤਮਾ ਦੀ ਅਕਥ ਕਥਾ ਦਾ ਪਤਾ ਚਲ ਜਾਂਦਾ ਹੈ:

ਧੁਨਿ ਮਹਿ ਧਿਆਨੁ ਧਿਆਨ ਮਹਿ ਜਾਨਿਆ

ਗੁਰਮੁਖਿ ਅਕਥ ਕਹਾਨੀ ॥ (ਰਾਮਕਲੀ ਮਹਲਾ ੧, ਪੰਨਾ ੮੭੯)

ਜਦ ਧੁਨ (ਸ਼ਬਦ) ਵਿੱਚ ਧਿਆਨ ਜੋੜ ਕੇ ਹੀ ਉਸ ਸਿਰਜਨਹਾਰ ਨੂੰ ਜਾਨਣਾ ਹੈ ਤਾਂ ਧੁਨ (ਸ਼ਬਦ) ਹੀ ਗੁਰੂ ਹੈ।

ਅਗਰ ਇੱਕ ਵਿਅਕਤੀ ਸਿੰਘਾਸਨ ਤੇ ਬੈਠ ਕੇ ਉਪਦੇਸ਼ ਕਰੇ ਤਾਂ ਸਵਾਲ ਪੈਦਾ ਹੁੰਦਾ ਹੈ ਕਿ ਹਿਰਦੇ ਵਿੱਚ ਉਪਦੇਸ਼ ਨੂੰ ਵਸਾਉਣਾ ਹੈ ਯਾਂ ਉਪਦੇਸ਼ਕ ਨੂੰ ? ਸਿਆਣੇ ਮਨੁੱਖ ਨੇ ਕਹਿ ਦੇਣਾ ਹੈ ਕਿ ਉਪਦੇਸ਼ ਨੂੰ ਵਸਾਉਣ ਨਾਲ ਹੀ ਜੀਵਨ ਸਫਲ ਹੋਵੇਗਾ। ਤਾਂ ਫਿਰ ਉਪਦੇਸ਼ ਹੀ ਗੁਰੂ ਬਣਿਆ, ਤੇ ਉਪਦੇਸ਼ ਸ਼ਬਦ ਤਾਂ ਅੱਖਰਾਂ ਦੇ ਆਸਰੇ ਤੇ ਹੀ ਦਿੱਤਾ ਜਾ ਸਕਦਾ ਹੈ :

ਸੁਨਿ ਉਪਦੇਸੁ ਹਿਰਦੈ ਬਸਾਵਹੁ ॥
ਮਨ ਇਛੇ ਨਾਨਕ ਫਲ ਪਾਵਹੁ ॥੫॥ ਗਉੜੀ ਸੁਖਮਨੀ (ਮঃ ੫)੨੯੩

ਆਹਤ ਸ਼ਬਦ ਗੁਰੂ ਦੇ ਆਸਰੇ ਤੇ ਅਨਾਹਦ ਸ਼ਬਦ ਗੁਰੂ ਨੂੰ ਪ੍ਰਗਟ ਕਰਨਾ ਹੈ। ਜਦ ਗੁਰਬਾਣੀ ਦਾ ਜਾਪ ਤੇ ਇੱਕ ਅੱਖਰ ਵਾਹਿਗੁਰੂ ਦਾ ਜਾਪੁ ਖ਼ੁਦ ਧਿਆਨ ਦਾ ਸੰਬੰਧ ਜੋੜ ਕੇ ਕੀਤਾ ਜਾਵੇ ਤਾਂ ਉਹ ਅਨਾਹਦ ਸ਼ਬਦ ਗੁਰੂ ਪ੍ਰਗਟ ਹੋ ਜਾਂਦਾ ਹੈ :

ਏਕੁ ਸਬਦੁ ਮੇਰੈ ਪ੍ਰਾਨਿ ਬਸਤੁ ਹੈ
ਬਾਹੁੜਿ ਜਨਮਿ ਨ ਆਵਾ ॥੧॥

ਬਿਲਾਵਲੁ (ਮਃ ੧) ਗੁਰੂ ਗ੍ਰੰਥ ਸਾਹਿਬ - ਅੰਗ ੭੯੫

ਸਬਦੁ ਗੁਰੂ ਸੁਰਤਿ ਧੁਨਿ ਚੇਲਾ ॥

ਰਾਮਕਲੀ ਗੋਸਟਿ (ਮਃ ੧) ਗੁਰੂ ਗ੍ਰੰਥ ਸਾਹਿਬ - ਅੰਗ ੯੪੩

ਸ਼ਬਦ- ਗਿਆਨ ਨੂੰ ਗੁਰੂ ਬਣਾ ਕੇ ਆਤਮਾ ਨੂੰ ਉਪਦੇਸ਼ ਕਰਨਾ ਹੈ ਤਾਂ ਜੋ ਮਨ ਸ਼ਬਦ-ਗਿਆਨ ਨਾਲ ਜੁੜ ਕੇ ਅਕਾਲ ਵਿੱਚ ਲੀਨ ਹੋ ਸਕੇ :

ਗਿਆਨ ਗੁਰੂ ਆਤਮ ਉਪਦੇਸਹੁ ॥

**ਧੰਨਵਾਦਿ ਸਾਹਿਤ ਵਿਚੋਂ :-**
**ਗੁਰੂ ਚਿੰਤਨ**

## ਸਿੱਖ ਧਰਮ ਤੇ ਉਸਦੇ ਸਿਧਾਂਤ

**ਡਾ. ਸਰਬਜੋਤ ਕੌਰ**

ਧਰਮ ਦਾ ਇਤਿਹਾਸ ਮਨੁੱਖ ਜ਼ਾਤੀ ਦੇ ਇਤਿਹਾਸ ਜਿੰਨਾ ਹੀ ਪੁਰਾਣਾ ਹੈ । ਮਨੁੱਖਤਾ ਦਾ ਅਧਿਐਨ ਧਰਮ ਦੇ ਅਧਿਐਨ ਬਗੈਰ ਅਧੂਰਾ ਹੈ । ਪ੍ਰੋ. ਮੈਕਸਮੂਲਰ ਦੇ ਕਥਨ ਅਨੁਸਾਰ ਮਨੁੱਖ ਦਾ ਇਤਿਹਾਸ ਧਰਮ ਦਾ ਇਤਿਹਾਸ ਹੈ । ਮਨੁੱਖ ਦੀ ਪਹਿਲੀ ਸੋਚ ਸਵੈ ਰਖਿਆ ਅਤੇ ਭੋਜਨ ਪ੍ਰਾਪਤ ਕਰਨ ਤੇ ਅਧਾਰਿਤ ਸਮਝੀ ਜਾਂਦੀ ਹੈ । ਮਨੁੱਖ ਆਪਣੀਆਂ ਇਹਨਾਂ ਲੋੜਾਂ ਦੇ ਅਨੁਕੂਲ ਪੜਾਅ-ਦਰ-ਪੜਾਅ ਵਿਕਾਸ ਕਰਦਾ ਗਿਆ । ਜਦੋਂ ਭੀ ਮਨੁੱਖ ਆਪਣੀਆਂ ਲੋੜਾਂ ਪੂਰੀਆਂ ਕਰਨ ਦੇ ਸਮਰੱਥ ਨਾ ਹੁੰਦਾ ਤਾਂ ਉਹ ਸਧਾਰਨ ਸਾਧਨਾਂ ਦੀ ਥਾਂ ਕਾਲਪਨਿਕ ਅਧਾਰਾਂ ਦਾ ਸਹਾਰਾ ਢੂੰਡਦਾ । ਹੌਲੀ ਹੌਲੀ ਮਨੁੱਖੀ ਵਿਚਾਰ ਪਰਾਮਨੁੱਖੀ ਤੇ ਪਰਾਭੌਤਿਕ ਸੱਤਾ ਨੂੰ ਭਾਲਣ ਵਲ ਝੁਕਦੇ ਗਏ । ਜਿਉਂ ਜਿਉਂ ਮਨੁੱਖ ਇਸ ਦੀ ਅਦਭੁੱਤਾ ਨੂੰ ਸਮਝਣ ਦਾ ਯਤਨ ਕਰਦਾ ਰਿਹਾ ਤਿਉਂ ਤਿਉਂ ਉਸ ਦੀ ਅਸਚਰਜਤਾ ਵਧਦੀ ਗਈ, ਤੇ ਅੰਤ ਵਿਸਮਾਦ ਵਿੱਚ ਆਇਆ 'ਨੇਤਿ ਨੇਤਿ' ਤੋਂ ਵੱਧ ਕੁਝ ਵੀ ਨਾ ਕਹਿ ਸਕਿਆ । ਏਥੋਂ ਧਰਮ ਦਾ ਮੁੱਢ ਬੱਝਾ ਤੇ ਹੌਲੀ ਹੌਲੀ ਇਹ ਮਨੁੱਖੀ ਜੀਵਨ ਦਾ ਅਨਿੱਖੜਵਾਂ ਅੰਗ ਬਣ ਗਿਆ । ਮਨੁੱਖ ਅਤੇ ਪਸ਼ੂ ਵਿੱਚ ਮੂਲ ਅੰਤਰ ਹੀ ਧਰਮ ਦੀ ਹੋਂਦ ਜਾਂ ਅਣਹੋਂਦ ਸਮਝਿਆ ਜਾਣ ਲੱਗਾ । ਧਰਮ ਵਿੱਚ ਜ਼ਾਤੀ ਜੀਵਨ ਦੇ ਉਹ ਸਿਧਾਂਤ ਅਤੇ ਉਹ ਨਿਯਮ ਸ਼ਾਮਲ ਕੀਤੇ ਗਏ ਜਿਹਨਾਂ ਉੱਤੇ ਚਲ ਕੇ ਮਨੁੱਖੀ ਮਨ ਨੇ ਪ੍ਰਭੂ ਨਾਲ ਇਕਸੁਰ ਹੋਣਾ ਹੈ ।

ਗੁਰੂ ਨਾਨਕ ਦੇਵ ਜੀ ਦੇ ਆਗਮਨ ਤੋਂ ਪਹਿਲਾਂ ਭਾਰਤ ਵਿੱਚ ਹਿੰਦੂ, ਇਸਲਾਮ, ਬੁੱਧ, ਜੈਨ ਆਦਿ ਧਰਮ ਪ੍ਰਚਲਤ ਹੋ ਚੁੱਕੇ ਸਨ ਅਤੇ ਹਰ ਧਰਮ ਦੇ ਪੈਰੋਕਾਰ ਆਪੋ ਆਪਣੇ ਢੰਗਾਂ ਨਾਲ ਪ੍ਰਭੂ ਪ੍ਰਾਪਤੀ ਦੇ ਚਾਹਵਾਨ ਵੀ ਸਨ । ਪਰ ਧਰਮ ਦਾ ਮੂਲ, 'ਆਤਮਾ ਦੀ ਆਵਾਜ਼' ਸੰਸਾਰ ਦੇ ਰੌਲੇ ਗੌਲੇ ਵਿੱਚ ਅਣਸੁਣੀ ਹੋ ਗਈ ਸੀ ।

ਕੁਝ ਅਜਿਹੀ ਹੀ ਅਵਸਥਾ ਸੀ ਭਾਰਤ ਦੀ ਆਤਮਾ ਦੀ ਗੁਰੂ ਨਾਨਕ ਦੇਵ ਜੀ ਦੇ ਆਗਮਨ ਸਮੇਂ । ਗੁਰੂ ਸਾਹਿਬ ਨੇ ਗਿਰਾਵਟ ਦੀ ਡੂੰਘੀ ਖੱਡ ਵਿੱਚ ਡਿੱਗ ਚੁੱਕੀ ਜਨਤਾ ਨੂੰ ਦੇਖਿਆ ਤਾਂ ਆਪ ਦਾ ਹਿਰਦਾ ਤੜਪਿਆ । ਸਾਰੀ ਲੋਕਾਈ ਲਈ ਸਨੇਹ ਜਾਗਿਆ ਅਤੇ ਮਨ ਨੇ ਸਰਬੱਤ ਦਾ ਭਲਾ ਲੋਚਿਆ । ਆਪ ਨੇ ਲੰਮੀਆਂ ਲੰਮੀਆਂ ਯਾਤਰਾਵਾਂ ਕੀਤੀਆਂ ਅਤੇ ਘਰ-ਘਰ ਸੱਚ ਦਾ ਸੰਦੇਸ਼ ਪਹੁੰਚਾ ਕੇ ਇੱਕ ਨਵੇਂ ਧਰਮ ਦੀ ਨੀਂਹ ਰੱਖੀ ਜੋ ਬਾਅਦ ਵਿੱਚ ਸਿੱਖ ਧਰਮ ਅਖਵਾਇਆ । ਸਿੱਖ ਦੇ ਸ਼ਾਬਦਿਕ ਅਰਥ ਹਨ ਸਿਖਿਆ ਲੈਣ ਵਾਲਾ

। ਸਿੱਖ ਧਰਮ ਸਮੂਹ ਸਿੱਖਣ ਵਾਲਿਆਂ ਦਾ ਸਤਿ ਦੇ ਖੋਜੀਆਂ ਦਾ ਸਾਂਝਾ ਪਲੈਟਫਾਰਮ ਹੈ । ਸਿੱਖੀ ਦਾ ਆਸ਼ਾ ਹਿੰਦੂਆਂ, ਮੁਸਲਮਾਨਾਂ, ਬੋਧੀਆਂ ਆਦਿ ਨੂੰ ਸਤਿ ਦੀ ਖੋਜ ਲਈ ਇੱਕ ਲੜੀ ਵਿੱਚ ਪਰੋਣਾ ਤੇ ਫਿਰ ਇੱਕ ਅਜਿਹੀ ਧਾਰਮਿਕ ਸ਼ਰੇਣੀ ਦੀ ਨੀਂਹ ਰਖਣਾ ਸੀ ਜੋ ਇੱਕ ਅਕਾਲ ਪੁਰਖ ਦੇ ਪ੍ਰੇਮ ਤੇ ਮਨੁੱਖ ਮਾਤਰ ਦੀ ਸੇਵਾ ਵਿੱਚ ਮਗਨ ਰਹੇ ।

**ਸਿੱਖੀ ਦੇ ਮੁਖ ਸਿਧਾਂਤ ਇਹ ਹਨ :-**

੧. **ਇੱਕ ਓਅੰਕਾਰ :**

ਸਿੱਖੀ ਦਾ ਪਹਿਲਾ ਸਿਧਾਂਤ ਇੱਕ ਅਕਾਲਪੁਰਖ ਵਿੱਚ ਯਕੀਨ ਰਖਣਾ ਹੈ । ਹਿੰਦੂ ਧਰਮ ਦੇ ਬ੍ਰਹਮਾ, ਵਿਸ਼ਨੂੰ, ਮਹੇਸ਼ ਆਦਿ ਦੇਵਤਿਆਂ ਦੇ ਵਿਸ਼ਵਾਸ਼ ਨੂੰ ਨਕਾਰਦਿਆਂ ਗੁਰ ਨਾਨਕ ਦੇਵ ਜੀ ਨੇ ੧ਓ ਦਾ ਨਾਅਰਾ ਲਾਇਆ ।

ਪਰਮਾਤਮਾ ਦੇ ਸਰੂਪ ਨੂੰ ਮੂਲਮੰਤਰ ਵਿੱਚ ਦਰਸ਼ਾਂਦਿਆਂ, ਪਹਿਲਾ ਸ਼ਬਦ ੧ਓ ਲਿਖਿਆ ਹੈ । ਮੂਲ ਮੰਤਰ ਦੇ ਬਾਕੀ ਸ਼ਬਦ "੧ਓ" ਦੀ ਹੀ ਵਿਆਖਿਆ ਕਰਦੇ ਹਨ:

**੧ਓ, ਸਤਿਨਾਮੁ ਕਰਤਾ ਪੁਰਖ, ਨਿਰਭਉ, ਨਿਰਵੈਰੁ,**
**ਅਕਾਲ ਮੂਰਤਿ, ਅਜੂਨੀ ਸੈਭੰ, ਗੁਰ ਪ੍ਰਸਾਦਿ ।"**

੨. **ਸਮਾਨਤਾ :**

ਏਸੇ ਏਕੰਕਾਰੀ ਬਿਰਤੀ ਕਰਕੇ ਸਿੱਖ ਧਰਮ ਕਿਸੇ ਪ੍ਰਕਾਰ ਦੀ ਵੰਡ-ਜਾਤ, ਰੰਗ, ਨਸਲ, ਧਰਮ, ਦੇਸ਼, ਅਮੀਰੀ, ਗਰੀਬੀ ਆਦਿ ਨੂੰ ਨਹੀਂ ਸਵੀਕਾਰਦਾ । ਬ੍ਰਾਹਮਣਵਾਦ ਦੇ ਪ੍ਰਭਾਵ ਅਧੀਨ ਸਮੁੱਚੇ ਭਾਰਤ ਵਿੱਚ ਉਚ-ਨੀਚ, ਜਾਤ-ਪਾਤ, ਸੂਦਰ-ਬ੍ਰਾਹਮਣ ਦੇ ਵਖਰੇਵੇਂ ਆਮ ਪ੍ਰਚਲਤ ਸਨ । ਗੁਰੂ ਜੀ ਨੇ ਇੱਕ ਨੂਰ ਤੋਂ ਸਭ ਜਗ ਪੈਦਾ ਹੋਣ ਦੀ ਗਲ ਕਰਦਿਆਂ ਆਪਣਾ ਸਾਥੀ ਨੀਵੀਂ ਜਾਤ ਦਾ ਭਾਈ ਮਰਦਾਨਾ ਚੁਣ ਕੇ ਗਲੇ ਨਾਲ ਲਾਇਆ । ਸਿੱਖਾਂ ਲਈ ਸੰਗਤ ਦੇ ਨਾਲ ਨਾਲ ਪੰਗਤ ਵੀ ਲਾਜ਼ਮੀ ਕਰ ਦਿੱਤੀ । ਸੰਗਤ ਵਿੱਚ ਸੱਚੇ ਗੁਰੂ ਦੇ ਗਿਆਨ ਨਾਲ ਮਨ ਹਰਾ ਭਰਾ ਤੇ ਮਜ਼ਬੂਤ ਹੁੰਦਾ ਹੈ ਅਤੇ ਲੰਗਰ ਵਿੱਚ ਇਕੱਠੇ ਪਰਸ਼ਾਦਾ ਛਕਣ ਨਾਲ ਇਕੋ ਪਰਿਵਾਰ ਦੇ ਮੈਂਬਰ ਹੋਣ ਦੀ ਭਾਵਨਾ ਪੈਦਾ ਹੁੰਦੀ ਹੈ । ਇਸ ਤਰ੍ਹਾਂ ਸਿੱਖ ਧਰਮ ਅਤੇ ਸਿੱਖ ਦਰਸ਼ਨ ਸਭ ਦੇਸ਼ਾਂ, ਕੌਮਾਂ, ਫਿਰਕਿਆਂ, ਔਰਤਾਂ, ਮਰਦਾਂ ਲਈ ਸਾਂਝਾ ਹੈ । ਇਸ ਵਿੱਚ ਸੰਪਰਦਾਇਕਤਾ ਤੇ ਮਜ਼ਹਬੀ ਖਿੱਚੋਤਾਣ ਨਹੀਂ । ਇਥੇ 'ਇੱਕ' ਤੋਂ ਉਪਜੇ ਸਭ 'ਇੱਕ' ਹਨ ।

ਅਗਲੀ ਗੱਲ ਵਿਸ਼ੇਸ਼ ਧਿਆਨ ਗੋਚਰੇ ਇਹ ਹੈ ਕਿ ਸਾਡੇ ਸਮਾਜ ਵਿੱਚ ਜਿਥੇ ਨੀਵੀਆਂ ਜਾਤਾਂ ਦੇ ਲੋਕਾਂ ਨੂੰ ਮਾੜਾ ਸਮਝਿਆ ਜਾਂਦਾ ਸੀ ਉਥੇ ਔਰਤ ਨੂੰ ਵੀ ਕੋਈ ਸਤਿਕਾਰਯੋਗ ਸਥਾਨ ਪ੍ਰਾਪਤ ਨਹੀਂ ਸੀ । ਉਸਨੂੰ ਸਾਰੇ ਹੀ ਧਰਮਾਂ ਵਾਲੇ ਕਿਸੇ ਨਾ ਕਿਸੇ ਢੰਗ ਨਾਲ ਤ੍ਰਿਸਕਾਰਦੇ ਸਨ । ਕੋਈ ਉਸ ਨੂੰ ਨਸ਼ੀਲੀ ਸ਼ਰਾਬ ਤੇ ਕੋਈ ਮਾਰੂ ਜ਼ਹਿਰ ਦਸਦਾ ਸੀ । ਮਹਾਤਮਾ ਬੁੱਧ, ਜਿਹਨਾ ਨੂੰ ਏਸ਼ੀਆ ਦਾ ਚਾਨਣ ਕਹਿ ਕੇ ਸਤਿਕਾਰਿਆ ਜਾਂਦਾ ਹੈ, ਨੇ ਵੀ ਧਰਮ ਵਿੱਚ ਇਸਤਰੀ ਦੇ ਦਾਖਲੇ ਨੂੰ ਹਾਨੀਕਾਰਕ ਸਮਝਿਆ ਹੈ । ਈਸਾਈ ਮਤਿ ਵੀ ਧਾਰਮਿਕ ਪੁਰਸ਼ਾਂ ਨੂੰ ਇਸਤਰੀ ਤੋਂ ਦੂਰ ਰਹਿਣ ਦੀ ਸਲਾਹ ਦੇਂਦਾ ਹੈ । ਸੇਂਟ ਪਾਲ ਲਿਖਦੇ ਹਨ ਕਿ ਚੰਗਾ ਹੈ ਜੇ ਮਰਦ ਇਸਤਰੀ ਨੂੰ ਛੂਹਵੇ ਵੀ ਨਾ । ਸੁਕਰਾਤ, ਅਰਸਤੂ ਵਰਗੇ ਚਿੰਤਕਾਂ ਨੇ ਵੀ ਇਸਤਰੀ ਨੂੰ ਅਧੂਰਾ ਇਨਸਾਨ ਆਖਿਆ ਹੈ । ਪਰ ਸਿੱਖ ਧਰਮ

ਮਨੁੱਖ ਦੇ ਜੀਵਨ ਵਿੱਚ ਇਸਤਰੀ ਦੀ ਮਹਤੱਤਾ ਨੂੰ ਚੰਗੀ ਤਰ੍ਹਾਂ ਉਘਾੜਦਾ ਹੈ। ਇਸਤਰੀ ਦਾ ਸਤਿਕਾਰ ਤਾਂ ਰਾਜਿਆਂ ਮਹਾਰਾਜਿਆਂ ਨਾਲੋਂ ਵੀ ਜ਼ਿਆਦਾ ਹੋਣਾ ਚਾਹੀਦਾ ਹੈ ਕਿਉਂਕਿ ਉਹ ਉਹਨਾਂ ਦੀ ਜਨਮ-ਦਾਤੀ ਹੈ। ਇਤਿਹਾਸ ਵਿਚ ਅਸੀ ਪੜ੍ਹਦੇ ਹਾਂ ਕਿ ਅਕਬਰ ਨੇ ਸਤੀ-ਪ੍ਰਥਾ ਦਾ ਵਿਰੋਧ ਕੀਤਾ। ਪਰ ਅਕਬਰ ਦੇ ਹੁਕਮਾਂ ਤੋਂ ਪਹਿਲਾਂ ਹੀ ਸਿੱਖ ਧਰਮ, ਸਤੀ ਪ੍ਰਥਾ, ਘੁੰਡ ਕਢਣ ਆਦਿ ਦੇ ਖਿਲਾਫ ਅਵਾਜ਼ ਉਠਾ ਚੁੱਕਾ ਸੀ। ਦਸਮ ਪਾਤਸ਼ਾਹ ਦੇ ਸਮੇਂ ਜਦੋਂ ਅੰਮ੍ਰਿਤ ਛਕਾਉਣ ਦਾ ਸਮਾਂ ਆਇਆ ਤਾਂ ਬੀਬੀਆਂ ਨੂੰ ਵੀ ਸਿੰਘਾਂ ਦੇ ਨਾਲ ਬੈਠ ਕੇ ਅੰਮ੍ਰਿਤ ਪਾਨ ਕਰਨ ਲਈ ਕਿਹਾ ਗਿਆ। ਏਥੋਂ ਤੱਕ ਕਿ ਉਹ ਅੰਮ੍ਰਿਤ ਛਕਾ ਵੀ ਸਕਦੀ ਹੈ। ਇਹ ਸਾਰਾ ਵਿਸਥਾਰ ਇਹ ਸਾਬਤ ਕਰਦਾ ਹੈ ਕਿ ਸਿੱਖ ਧਰਮ ਕਿਸੇ ਵੀ ਪ੍ਰਕਾਰ ਦੇ ਵਖਰੇਵੇਂ, ਵਿੱਚ ਯਕੀਨ ਨਹੀਂ ਰਖਦਾ।

### ੩. ਗੁਰੂ ਦਾ ਸੰਕਲਪ :

ਇਸ ਲਈ ਸਿੱਖ ਇਸ ਸੰਸਾਰ ਨੂੰ ਕੱਜਲ ਦੀ ਕੋਠੜੀ ਜਾਂ ਸਜ਼ਾ ਭੁਗਤਣ ਦੀ ਜਗ੍ਹਾ ਨਹੀਂ ਸਮਝਦਾ ਸਗੋਂ ਇਸ ਵਿਚੋਂ ਕਾਦਰ ਦੇ ਦਰਸ਼ਨ ਕਰਨੇ ਲੋਚਦਾ ਹੈ। ਇਸ ਲੋਚਾ ਨੂੰ ਪੂਰਾ ਕਰਨ ਲਈ ਉਸਨੂੰ ਗੁਰੂ ਦੀ ਲੋੜ ਮਹਿਸੂਸ ਹੁੰਦੀ ਹੈ। ਸਿੱਖ ਧਰਮ ਗੁਰੂ ਦੀ ਲੋੜ ਤੇ ਬਹੁਤ ਜ਼ੋਰ ਦੇਂਦਾ ਹੈ। ਅਸਲ ਵਿੱਚ ਸਿੱਖ ਅਖਵਾਉਣ ਲਈ ਪਹਿਲੀ ਸ਼ਰਤ ਹੀ ਗੁਰੂ ਦੀ ਸਿਖਿਆ ਲੈਣੀ ਹੈ।

**ਗੁਰ ਦੀਖਿਆ ਲੈ ਸਿੱਖ ਸਦਾਇਆ (ਭਾਈ ਗੁਰਦਾਸ)**

ਹੁਣ ਪ੍ਰਸ਼ਨ ਇਹ ਪੈਦਾ ਹੁੰਦਾ ਹੈ ਕਿ ਸਿੱਖ ਧਰਮ ਕਿਸ ਗੁਰੂ ਵਿੱਚ ਯਕੀਨ ਰਖਦਾ ਹੈ ? ਇਸ ਦਾ ਇੱਕ ਟੂਕ ਜੁਆਬ ਹੈ -ਸ਼ਬਦ ਗੁਰੂ ਵਿੱਚ। ਗੁਰੂ ਨਾਨਕ ਦੇਵ ਜੀ ਦਾ ਯਕੀਨ ਸੀ ਕਿ ਸ਼ਬਦ ਗੁਰੂ ਰਾਹੀਂ ਹੀ ਬ੍ਰਹਿਮੰਡੀ ਸ਼ਬਦ ਨੂੰ ਅਨੁਭਵ ਕੀਤਾ ਜਾ ਸਕਦਾ ਹੈ। ਗੁਰੂ ਤੋਂ ਭਾਵ ਉਹ ਮਹਾਨ ਆਤਮਿਕ ਸ਼ਕਤੀ ਹੈ ਜੋ ਪ੍ਰਮਾਤਮਾ ਵਲੋਂ ਮਨੁੱਖ ਮਾਤਰ ਦੇ ਕਲਿਆਣ ਲਈ ਸਦੀਵ ਕਾਲ ਵਾਸਤੇ ਨਿਸ਼ਚਿਤ ਹੋਈ ਹੈ। ਗੁਰੂ ਸ਼ਬਦ ਦੇ ਦੋ ਭਾਗ ਹਨ- ਗੁ. ਅਤੇ ਰੂ। 'ਗੁ' ਦੇ ਅਰਥ ਹਨ ਅੰਧੇਰਾ ਤੇ ਰੂ ਹੈ ਚਾਨਣ। ਸੋ ਗੁਰੂ ਦੇ ਸ਼ਾਬਦਿਕ ਅਰਥ ਹੋਏ ਹਨੇਰੇ ਵਿੱਚ ਚਾਨਣ ਕਰਨ ਵਾਲੀ ਸੱਤਿਆ। ਅਧਿਆਤਮ ਮੰਡਲ ਵਿੱਚ ਮਨੁੱਖ ਨੂੰ ਹਨੇਰਾ, ਭਰਮ ਤੇ ਅਗਿਆਨਤਾ ਦਾ ਹੈ ਜਿਸ ਨੂੰ ਦੂਰ ਕਰਨ ਲਈ ਗੁਰੂ ਹੀ ਸਮਰੱਥ ਹੈ :

**ਗੁਰ ਬਿਨੁ ਘੋਰੁ ਅੰਧਾਰੁ ਗੁਰੂ ਬਿਨੁ ਸਮਝ ਨ ਆਵੈ ॥**
**ਗੁਰ ਬਿਨੁ ਸੁਰਤਿ ਨ ਸਿਧਿ ਗੁਰੂ ਬਿਨੁ ਮੁਕਤਿ ਨ ਪਾਵੈ ॥**
**ਗੁਰੂ ਗ੍ਰੰਥ ਸਾਹਿਬ - ਅੰਗ ੧੩੯੯**

ਗੁਰੂ ਕੋਈ ਦੇਹਧਾਰੀ ਜਾਂ ਬਾਹਰਮੁਖੀ ਆਸ਼ੇ ਵਾਲਾ ਵਿਅਕਤੀ ਨਾ ਹੋ ਕੇ ਅਕਾਲ ਪੁਰਖ ਵਲੋਂ ਮਨੁੱਖੀ ਕਲਿਆਣ ਲਈ ਨਿਸ਼ਚਿਤ ਕੀਤਾ ਕੋਈ ਆਤਮਿਕ ਪੱਧਰ ਦਾ ਸਾਧਨ ਹੈ। ਵਿਅਕਤੀ ਗੁਰੂ ਨਹੀਂ, ਸਿਧਾਂਤ ਜਾਂ ਸ਼ਬਦ ਗੁਰੂ ਹੈ। ਜਿਸ ਵਿੱਚ ਕੋਈ ਸ਼ਕ ਨਹੀਂ ਕਿ ਗੁਰੂ ਦੀ ਇਹ ਅਤਿ ਸੂਖ਼ਮ ਤੇ ਰਹੱਸਵਾਦੀ ਅਸਲੀਅਤ ਨੂੰ ਸਮਝ ਸਕਣਾ ਕਠਿਨ ਕੰਮ ਹੈ, ਪਰ ਫਿਰ ਵੀ ਸਿੱਖ ਧਰਮ ਵਿੱਚ ਗੁਰਬਾਣੀ, ਜੋ ਗੁਰੂ ਰੂਪ ਹੈ, ਗੁਰੂ ਬਾਰੇ ਠੀਕ ਗਿਆਨ ਜਾਂ ਸੂਝ ਪ੍ਰਾਪਤ ਕਰਨ ਦਾ ਸਭ ਤੋਂ ਸਾਰਥਕ ਸੋਮਾ ਹੈ :-

**ਗੁਰ ਮੂਰਤਿ ਗੁਰ ਸ਼ਬਦ ਹੈ**

– – –

**ਸ਼ਬਦ ਗੁਰੂ ਗੁਰ ਜਾਣੀਐ**

– – –

**ਬਾਣੀ ਗੁਰੂ ਗੁਰੂ ਹੈ ਬਾਣੀ**

ਦੇਹ ਕਿਉਂਕਿ ਬਿਨਸਨਹਾਰ ਹੈ ਇਸ ਲਈ ਗੁਰੂ ਦੀ ਦੇਹ ਨਹੀਂ, 'ਸ਼ਬਦ ਜੋੜ' ਅਮਰ ਤੇ ਇੱਕ ਰਸ ਹੈ। ਇਸ ਵਿੱਚ ਕੋਈ ਤਬਦੀਲੀ ਨਹੀਂ ਵਾਪਰਦੀ। ਗੁਰੂ ਦਾ ਇੱਕ ਮਹੱਤਵਪੂਰਨ ਲੱਛਣ ਹੈ –

**ਸਤਿਗੁਰੁ ਮੇਰਾ ਸਦਾ ਸਦਾ ਨਾ ਆਵੈ ਨਾ ਜਾਇ ॥ ਓਹੁ ਅਬਿਨਾਸੀ ਪੁਰਖੁ ਹੈ ਸਭ ਮਹਿ ਰਹਿਆ ਸਮਾਇ ॥੧੩॥ਸੂਹੀ (ਮঃ ৪)**

**ਗੁਰੂ ਗ੍ਰੰਥ ਸਾਹਿਬ – ਅੰਗ ੭੫੯**

ਇਹ ਕੇਵਲ ਸ਼ਬਦ ਗੁਰੂ ਰਾਹੀਂ ਹੀ ਸੰਭਵ ਹੈ। ਸ਼ਬਦ ਗੁਰੂ ਦੇ ਇਸ ਸਿਧਾਂਤ ਨੂੰ ਦ੍ਰਿੜਾਉਣ ਲਈ ਗੁਰੂ ਨਾਨਕ ਸਾਹਿਬ ਨੇ ਦਸ ਜਾਮੇ ਬਦਲੇ ਤਾਂ ਜੁ ਸਿੱਖਾਂ ਨੂੰ ਗੁਰੂ ਦੇ ਜੋਤਿ-ਰੂਪ ਹੋਣ ਦੀ ਦ੍ਰਿੜ੍ਹਤਾ ਆ ਸਕੇ ਤੇ ਗੁਰੂ ਦੇ ਸਰੀਰਕ ਜਾਮਿਆਂ ਬਾਰੇ ਠੀਕ ਗਿਆਨ ਹੋ ਸਕੇ। ਇਸ ਵਿੱਚ ਕੋਈ ਸ਼ਕ ਨਹੀਂ ਕਿ ਗੁਰੂ ਦੇ ਸਰੀਰਕ ਜਾਮਿਆਂ ਦੁਆਰਾ 'ਗੁਰੂ-ਜੋਤਿ' ਦੇ ਕਈ ਕ੍ਰਿਸ਼ਮੇ ਵਰਤੇ ਪਰ ਗੁਰੂ ਦੇ ਸਰੀਰਕ ਜਾਮੇ ਗੁਰ ਜੋਤਿ ਦੇ ਪ੍ਰਗਟਾਅ ਤੇ ਗੁਰੂ ਜੁਗਤਿ ਵਰਤਾਉਣ ਦੇ ਮਾਧਿਅਮ ਹੀ ਸਨ। ਸਮੇਂ ਨਾਲ ਸਰੀਰ ਬਦਲਦੇ ਰਹੇ ਪਰ ਗੁਰੂ-ਜੋਤਿ ਤੇ ਗੁਰੂ-ਜੁਗਤਿ ਸਦਾ ਇਕਸਾਰ ਰਹੀ।

**ਜੋਤਿ ਓਹਾ ਜੁਗਤਿ ਸਾਇ ਸਹਿ ਕਾਇਆ ਫੇਰਿ ਪਲਟੀਐ ॥**

**ਗੁਰੂ ਗ੍ਰੰਥ ਸਾਹਿਬ – ਅੰਗ ੯੬੬**

ਸੰਸਾਰ ਦੇ ਧਾਰਮਿਕ ਇਤਿਹਾਸ ਵਿੱਚ ਅਜਿਹੀ ਕੋਈ ਵੀ ਮਿਸਾਲ ਨਹੀਂ ਮਿਲਦੀ ਜਿਸ ਵਿੱਚ ਕਿਸੇ ਵਲੀ, ਪੀਰ, ਪੈਗੰਬਰ ਜਾਂ ਅਵਤਾਰ ਨੇ ਆਪਣੀ ਆਤਮਿਕ ਸ਼ਕਤੀ ਇੰਨ-ਬਿੰਨ ਸਮਾਨ ਰੂਪ ਵਿੱਚ ਹੋਰ ਵਿਅਕਤੀਆਂ ਵਿੱਚ ਪ੍ਰਗਟਾਅ ਕੇ ਉਹਨਾਂ ਨੂੰ ਗੁਰੂ ਰੂਪ ਕੀਤਾ ਹੋਵੇ। ਜਦੋਂ ਸਿੱਖਾਂ ਨੇ ਸ਼ਬਦ ਗੁਰੂ ਦਾ ਸਿਧਾਂਤ ਪੂਰੀ ਤਰ੍ਹਾਂ ਦ੍ਰਿੜ੍ਹ ਕਰ ਲਿਆ ਤਾਂ ਦਸਵੇਂ ਗੁਰੂ ਨਾਨਕ ਨੇ ਗੁਰਬਾਣੀ ਨੂੰ ਗੁਰਗੱਦੀ ਦੇ ਦਿੱਤੀ, ਅਤੇ ਨਾਲ ਹੀ ਗੁਰੂ-ਸ਼ਬਦ ਦੇ ਪ੍ਰਸਾਰ ਲਈ ਰਹਿਤਵਾਨ, ਤਿਆਰ-ਬਰ-ਤਿਆਰ, ਗੁਰ-ਜੋਤਿ ਨਾਲ ਇਕਸਾਰ ਹੋਏ ਪੰਜਾਂ ਪਿਆਰਿਆਂ ਨੂੰ ਜੁਗਤਿ ਵਰਤਾਉਣ ਦਾ ਅਧਿਕਾਰ ਦੇ ਦਿੱਤਾ। ਜਿਵੇਂ ਗੁਰੂ ਜੋਤਿ ਗੁਰੂ ਦੇ ਸਰੀਰਕ ਜਾਮਿਆਂ ਦੁਆਰਾ ਪ੍ਰਤਿਬਿੰਬਤ ਹੁੰਦੀ ਰਹੀ, ਤਿਵੇਂ ਹੀ ਹੁਣ ਗੁਰੂ-ਜੋਤਿ ਪੰਜਾ ਪਿਆਰਿਆਂ, ਪੰਥ ਰਾਹੀਂ ਪ੍ਰਕਾਸ਼ਦੀ ਹੈ। ਗੁਰੂ ਜਾਮੇ ਬਦਲਦੇ ਰਹੇ, ਪਰ ਗੁਰੂ-ਜੋਤਿ ਇਕਸਾਰ ਰਹੀ, ਤਿਵੇਂ ਹੀ ਵਿਅਕਤੀ ਬਦਲਦੇ ਰਹਿਣਗੇ, ਪਰ ਗੁਰ-ਸ਼ਬਦ ਤੇ ਗੁਰ-ਜੁਗਤਿ ਅਟੱਲ ਰਹਿਣਗੇ।

(ਚਲਦਾ)

# Health care tips for winter

(Dr. Harpreet Kaur MBBS)

1. **Avoid hot water bath** It can cause dry skin, so take bath with lukewarm water, pat your skin dry and apply moisturizer.
2. **Wear a scarf** When stepping out make sure you cover your hair with a scarf/cap but make sure it is not too tight, as it will restrict proper blood circulation in your scalp.
3. **Running/Stuffed nose** Blow your nose gently and regularly in order to get rid of excessive mucus and inhale some drops of eucalyptus oil. Take steam with plain water.
4. **Flu -** Take steam with plain water and sip in hot fluids like soups. Take vitamin C tabs.
5. **Cracked heels** Soak your feet in warm water for 15 minutes and then scrub with pumice stone later apply some cream over it.
6. **Stay active** Just because it is cold outside, it does not mean that you avoid exercise. Go for walks in the afternoon.
7. **Keep yourself hydrated** You may not feel like drinking water in winters, it is important to drink enough water. Take lukewarm water at least 8-10 glasses.
8. **Eat healthy diet** Eat high protein diet. Include fruits, vegetables and nuts in your diet. Include tulsi in your tea to boost immunity. Winters are the best time to eat green leafy vegetables.

# ਗਤੀਵਿਧੀਆਂ

**ਨਾਨਕਸ਼ਾਹੀ ਜੰਤਰੀ ਅਨੁਸਾਰ ਪੋਹ ਮਹੀਨੇ ਦੀ ਪਹਿਲੀ ਤਰੀਕ ਦਾ ਸਮਾਗਮ:–**

ਨਾਨਕਸ਼ਾਹੀ ਜੰਤਰੀ ਅਨੁਸਾਰ ਪਹਿਲੀ ਤਰੀਕ ਦਾ ਸਮਾਗਮ ਮਿਤੀ 15-12-2017 ਦਿਨ ਸ਼ੁੱਕਰਵਾਰ ਨੂੰ ਸ਼ਾਮ 6.00 ਤੋਂ 9.00 ਵਜੇ ਤੱਕ "ਪੋਖਿ ਤੁਖਾਰੁ ਨਾ ਵਿਆਪਈ ਕੰਠਿ ਮਿਲਿਆ ਹਰਿ ਨਾਹ ॥' ਦੇ ਵਿਸ਼ੇ ਤੇ ਸਮਾਗਮ ਗੁਰਮਤਿ ਪ੍ਰਸਾਰ ਭਵਨ ਵਿਖੇ ਆਯੋਜਿਤ ਕੀਤਾ ਗਿਆ ਗੁਰਮਤਿ ਪ੍ਰਸਾਰ ਟ੍ਰੇਨਿੰਗ ਇਨਸਟਿਚਿਊਟ ਦੇ ਵਿਦਿਆਰਥੀਆਂ ਨੇ ਕੀਰਤਨ ਅਤੇ ਭਾਈ ਹਰਵੀਰ ਸਿੰਘ ਵਾਇਸ ਪ੍ਰਿਸੀਪਲ ਨੇ ਕਥਾ ਰਾਹੀਂ ਸੇਵਾ ਨਿਭਾਈ । ।ਉਪ੍ਰੰਤ ਗੁਰੂ ਕਾ ਲੰਗਰ ਅਤੁੱਟ ਵਰਤਿਆ ।

**ਚਾਰੇ ਸਾਹਿਬਜ਼ਾਦਿਆਂ ਅਤੇ ਮਾਤਾ ਗੁਜਰ ਕੌਰ ਜੀ ਦੀ ਸ਼ਹੀਦੀ ਦਿਹਾੜੇ ਨੂੰ ਸਮਰਪਿਤ ਗੁਰਮਤਿ ਸਮਾਗਮ:-**

ਸਿੱਖੀ ਦੇ ਮਹਿਲ ਨੂੰ ਆਪਣੇ ਜੀਵਨ ਦਾ ਬਲੀਦਾਨ ਦੇ ਕੇ ਉਸਾਰਨ ਵਾਲੇ ਕੌਮ ਦੇ ਮਹਾਨ ਸ਼ਹੀਦ ਬਾਬਾ ਅਜੀਤ ਸਿੰਘ ਜੀ, ਬਾਬਾ ਜੁਝਾਰ ਸਿੰਘ ਜੀ, ਬਾਬਾ ਜੋਰਾਵਰ ਸਿੰਘ ਜੀ, ਬਾਬਾ ਫਤਹਿ ਸਿੰਘ ਜੀ ਅਤੇ ਮਾਤਾ ਗੁੱਜਰ ਕੌਰ ਜੀ ਦੀ ਮਹਾਨ ਕੁਰਬਾਨੀ ਨੂੰ ਸਮਰਪਿਤ ਗੁਰਮਤਿ ਸਮਾਗਮ ਮਿਤੀ 23-12-2017 ਤੋਂ 27-12-2017 ਤੱਕ ਕੀਤੇ ਗਏ ਜਿਸ ਵਿੱਚ

**ਲੜੀਵਾਰ ਗੁਰਮਤਿ ਸਮਾਗਮ** :- ਚਾਰੇ ਸਾਹਿਬਜ਼ਾਦਿਆਂ ਅਤੇ ਮਾਤਾ ਗੁਜਰ ਕੌਰ ਜੀ ਦੀ ਸ਼ਹੀਦੀ ਨੂੰ ਸਮਰਪਿਤ ਲੜੀਵਾਰ ਗੁਰਮਤਿ ਸਮਾਗਮ ਸਵੇਰੇ 6-00 ਤੋਂ 7-30 ਵਜੇ ਤੱਕ ਹੇਠ ਲਿਖੇ ਅਨੁਸਾਰ ਕਰਵਾਏ ਗਏ ।

| ਮਿਤੀ | ਕੀਰਤਨ 6-30 ਤੋਂ 7-15 | ਕਥਾ 7-15 ਤੋਂ 8-00 |
|---|---|---|
| 23-12-16 | ਭਾਈ ਵਰਿੰਦਰ ਸਿੰਘ | ਭਾਈ ਮਲਕੀਤ ਸਿੰਘ |
| 24-12-16 | ਭਾਈ ਜਸਕਰਨ ਸਿੰਘ | ਭਾਈ ਰਮਨਦੀਪ ਸਿੰਘ |
| 25-12-16 | ਭਾਈ ਕੰਵਲਜੀਤ ਸਿੰਘ | ਭਾਈ ਕਮਲਜੀਤ ਸਿੰਘ |
| 26-12-16 | ਭਾਈ ਰਣਜੀਤ ਸਿੰਘ | ਭਾਈ ਸੰਦੀਪ ਸਿੰਘ |

**ਲੜੀ ਦੀ ਸੰਪੂਰਨਤਾ ਦਾ ਸਮਾਗਮ**

**27-12-2017 (ਬੁੱਧਵਾਰ ) ਨੂੰ ਸਾਮ 6.00 ਤੋਂ 9.00 ਵਜੇ ਤੱਕ**

ਹੋਇਆ ਜਿਸ ਵਿੱਚ ਕੀਰਤਨ ਦੀ ਸੇਵਾ ਭਾਈ ਹਰਪ੍ਰੀਤ ਸਿੰਘ ਅਤੇ ਰਮਨਦੀਪ ਸਿੰਘ,ਵਰਿੰਦਰ ਸਿੰਘ ਦੁਆਰਾ ਨਿਭਾਈ ਗਈ ।ਕਥਾ ਦੀ ਸੇਵਾ ਭਾਈ ਕਮਲਜੀਤ ਸਿੰਘ ਅਤੇ ਪ੍ਰਿੰਸੀਪਲ ਨਰਿੰਦਰ ਬੀਰ ਸਿੰਘ ਜੀ ਨੇ ਨਿਭਾਈ ਉਪ੍ਰੰਤ ਅਰਦਾਸ ਹੁਕਮਨਾਮਾ ਸਮਾਪਤੀ ਤੇ ਗੁਰੂ ਕੇ ਲੰਗਰ ਅਤੁੱਟ ਵਰਤਾਏ ਗਏ ।

ਇਨ੍ਹਾਂ ਸਮੂਹ ਸਮਾਗਮਾਂ ਵਿੱਚ ਸੰਗਤਾਂ ਨੇ ਭਰਵਾ ਸਹਿਯੋਗ ਦਿੱਤਾ ਅਤੇ ਹਾਜਰੀਆਂ ਭਰ ਕੇ ਗੁਰੂ ਦੀਆਂ ਖੁਸ਼ੀਆਂ ਪ੍ਰਾਪਤ ਕੀਤੀਆਂ । ਵਾਹਿਗੁਰੂ ਅਕਾਲ ਪੁਰਖ ਸਾਨੂੰ ਸਾਰਿਆਂ ਨੂੰ ਗੁਰੂ ਦੇ ਉਪਦੇਸ਼ਾਂ ਦੀ ਕਮਾਈ ਕਰਨ ਦੇ ਸਮਰਥ ਬਣਾਏ ।

## ਜਨਵਰੀ ਮਹੀਨੇ ਦੇ ਸਮਾਗਮ:-

1. ਨਾਨਕਸ਼ਾਹੀ ਜੰਤਰੀ ਅਨੁਸਾਰ ਮਾਘ ਮਹੀਨੇ ਦੀ ਪਹਿਲੀ ਤਰੀਕ ਦਾ ਸਮਾਗਮ:-

ਨਾਨਕਸ਼ਾਹੀ ਜੰਤਰੀ ਅਨੁਸਾਰ ਮਾਘ ਮਹੀਨੇ ਦੀ ਪਹਿਲੀ ਤਰੀਕ ਦਾ ਸਮਾਗਮ ਮਿਤੀ 14-01-2018 ਦਿਨ ਐਤਵਾਰ ਸ਼ਾਮ ਨੂੰ 6.00 ਤੋਂ 8.30 ਵਜੇ ਤੱਕ ' ਮਾਘਿ ਮਜਨੁ ਸੰਗਿ ਸਾਧੂਆ ਧੂੜੀ ਕਰਿ ਇਸਨਾਨੁ ॥' ਦੇ ਵਿਸ਼ੇ ਤੇ ਸਮਾਗਮ ਆਯੋਜਿਤ ਕੀਤਾ ਜਾਵੇਗਾ।ਸਮਾਪਤੀ ਤੇ ਗੁਰੂ ਕੇ ਲੰਗਰ ਅਤੁੱਟ ਵਰਤਣਗੇ ।

੨.    ਧੰਨ ਧੰਨ ਸ੍ਰੀ ਗੁਰੂ ਗੋਬਿੰਦ ਸਿੰਘ ਜੀ ਦਾ ਪ੍ਰਕਾਸ਼ ਪੂਰਬ :-

ੴ ਵਾਹਿਗੁਰੂ ਜੀ ਕੀ ਫ਼ਤਹਿ ॥

**ਧੰਨ-ਧੰਨ ਸ੍ਰੀ ਗੁਰੂ ਗੋਬਿੰਦ ਸਿੰਘ ਜੀ ਦੇ 351 ਸਾਲਾ ਪ੍ਰਕਾਸ਼ ਪੁਰਬ ਨੂੰ ਸਮਰਪਿਤ**

# ਗੁਰਮਤਿ ਸਮਾਗਮ

**ਸਥਾਨ: ਗੁਰਮਤਿ ਪ੍ਰਸਾਰ ਭਵਨ, ਛੱਜੂਮਾਜਰਾ ਰੋਡ, ਸੰਨੀ ਇਨਕਲੇਵ ਦੇ ਸਾਹਮਣੇ, ਮੁੰਡੀ ਖਰੜ**

## ਪ੍ਰੋਗਰਾਮ

**ਮਿਤੀ 03-01-2018 (ਬੁੱਧਵਾਰ)**

ਅਰੰਭਤਾ - ਸ੍ਰੀ ਅਖੰਡ ਪਾਠ ਸਾਹਿਬ ............................................ ਸਵੇਰੇ 6 ਵਜੇ

**ਮਿਤੀ 05-01-2018 (ਸ਼ੁੱਕਰਵਾਰ)**

ਭੋਗ - ਸ੍ਰੀ ਅਖੰਡ ਪਾਠ ਸਾਹਿਬ ............................................ ਸਵੇਰੇ 7.00 ਵਜੇ

ਕੀਰਤਨ-ਭਾਈ ਕਮਲਜੀਤ ਸਿੰਘ ........................................ ਸਵੇਰੇ 7.00 -7.45 ਵਜੇ

ਕਥਾ - ਭਾਈ ਸੰਦੀਪ ਸਿੰਘ ........................................ ਸਵੇਰੇ 7.45-8.30 ਵਜੇ

**(ਉਪ੍ਰੰਤ ਅਰਦਾਸ ਹੁਕਮਨਾਮਾ ਸਮਾਪਤੀ)**

**ਮਿਤੀ 07-01-2018 (ਐਤਵਾਰ)**

**ਸੋ ਦਰੁ ਦੀ ਚੌਕੀ** ................................................................ ਸਾਮ 5.45-6.15

**ਕੀਰਤਨ ਭਾਈ ਵਰਿੰਦਰ ਸਿੰਘ** ................................................ ਸਾਮ 6.15-6.45

**ਕਥਾ ਭਾਈ ਰਮਨਦੀਪ ਸਿੰਘ** .................................................. ਸਾਮ 6.45-7.15

**ਕੀਰਤਨ ਭਾਈ ਜਸਕਰਨ ਸਿੰਘ** ................................................ ਸਾਮ 7.15-7.45

**ਕਥਾ ਭਾਈ ਹਰਵੀਰ ਸਿੰਘ** .................................................... ਸਾਮ 7.45-8.30

**ਉਪਰੰਤ ਅਰਦਾਸ ਹੁਕਮਨਾਮਾ    ਗੁਰੂ ਕੇ ਲੰਗਰ ਅਤੁੱਟ ਵਰਤਣਗੇ**

**ਪਰਿਵਾਰ ਸਹਿਤ ਹਾਜ਼ਰ ਹੋ ਕੇ ਗੁਰੂ ਘਰ ਦੀਆਂ ਖੁਸ਼ੀਆ ਪ੍ਰਾਪਤ ਕਰੋ ਜੀ ।**

**GURMAT PARSAR MEDICAL SEWA CENTRE**

**FACILITIES AVAILABLE**

★ General Medicine ★ Cardiology ★ Gynecology & Obstetrics ★ Hi-tech Eye Wing ★ Clinic Laboratory ★ Hi-tech Dental Wing ★ Physiotherapy Wing ★ Homoeopathy Wing ★ Medicine Sewa

# ਗੁਰਮਤਿ ਪ੍ਰਸਾਰ ਮੈਡੀਕਲ ਸੇਵਾ ਸੈਂਟਰ

## ਐਸੋਸੀਏਟਸ: ਸੇਵਕਸ ਚੈਰੀਟੇਬਲ ਟ੍ਰੱਸਟ (ਰਜਿ.) ਚੰਡੀਗੜ੍ਹ

ਸੋਸਾਇਟੀ ਵਲੋਂ ਚਲਾਏ ਜਾ ਰਹੇ ਮੈਡੀਕਲ ਸੇਵਾ ਸੈਂਟਰ ਵਿਚ ਦਿਤੀਆਂ ਜਾ ਰਹੀਆਂ ਸੇਵਾਵਾਂ ਦਾ ਸੰਗਤਾਂ ਭਰਵਾਂ ਲਾਭ ਉਠਾ ਰਹੀਆਂ ਹਨ। ਨਵੰਬਰ ਅਤੇ ਦਸੰਬਰ ਮਹੀਨੇ ਦੇ ਅੰਕੜੇ ਇਸ ਪ੍ਰਕਾਰ ਹਨ।

| | Name of Deptt. | No. of Patients | | |
|---|---|---|---|---|
| | | New | Old | Total |
| 1 | General Medical | 69 | 116 | 185 |
| 2 | Eye | 08 | 26 | 34 |
| 3 | Cardiology | 05 | 17 | 22 |
| 4 | Dental | 25 | 59 | 84 |
| 5 | Gynaecology | 12 | 38 | 50 |
| 6 | Homoeopathy | 34 | 412 | 446 |
| 7 | Physiotherapy | 04 | 12 | 16 |
| | Total | 157 | 680 | 837 |
| | Laboratory | 76 | - | 76 |

## ਧੰਨਵਾਦਿ :

### 16 ਨਵੰਬਰ ਤੋਂ 15 ਦਸੰਬਰ ਤੱਕ ਪ੍ਰਾਪਤ ਸਹਾਇਤਾ ਦਾ ਵੇਰਵਾ:-

1. S. R.K.S. Kharbanda #2189/Phase- 7/Mohali 10,000/-
2. S. Dilbagh Singh/ Satkar Properties Mundi Kharar 1,000/-
3. Bibi Harmeet Kaur/Mundi Kharar 100/-
4. Dr. Saranjit Singh #2817/Ph- 7/Mohali 4,000/-
5. S. D.P Singh #393/Phase- 9/Mohali 1,200/-
6. S. Jaspreet Singh/ # 949G/L.I.C. Colony 100/-
7. S. Amarbir Singh/Mundi Kharar 100/-
8. S. Naunihal Singh/ Mundi Kharar 1,500/-
9. S. Yadwinder Singh// Mundi Kharar 100/-
10. S. Paramjit Singh// Mundi Kharar 50/-
11. S. Kamaljit Singh//# 880A/ L.I.C. Colony 100/-
12. Bibi Gurbachan Kaur#1535/Sec. 34D/Chd 2001/-
13. Col. Ranjit Singh #207/Sector-33A/Chd 13,000/-
14. Col. Ranjit Singh (H.U.F) #207/Sec-33A 4,000/-
15. Bibi Gurdeep Kaur Sarna#3045/Sec. 38D 1,100/-
16. Mata Gian Kaur # 179B/Sunny Enclave 3,100/-
17. Bibi Surjit Kaur #1444/Sec. 34C/Chd 2,000/-
18. M/S Macrobiotic Systems & Software SCO 229(FF)/Sec.40C/Chd 1,100/-
19. S. Narinder Bir Singh #1444/Sec. 34C 2,100/-
20. S. Paramjit Singh #1899/Sec. 34D/Chd 1,500/-
21. S. Joginder Singh Kohli #1429/Sec22B 2,100/-
22. S. M.S. Mongia #1734/Phase- 7/Mohali 1,000/-
23. Bibi Daljeet Kaur Gakhar #1600/Sec. 34D 30,000/-
24. Bibi Gursharan Kaur Ji #1771/Ph3B2 1,000/-
25. S. Birinder Singh #6A/Sunny Enclave 500/-
26. S.K.S. Raju (I.A.S.) #315/Sec35A/Chd 50,000/-
27. Col. H.S Uppal #306/Sec. 33A/Chd 50,000/-
28. Bibi Rajleen Kaur #836/Phase- II/Mohali 500/-
29. Bibi. Harleen Kaur Sarna #107G, Shivalik Vihar Naya Goan, Mohali 500/-
30. Bibi Harpreet Kaur #461/Sec 44A/Chd 1,000/-
31. Bibi Gurdeep Kaur #461/Sec. 44A/Chd 1,000/-
32. S. Harsharnpal Singh Bhatia #461/44A 1,000/-
33. S. M.S. Chahal (I.A.S.) #460/Sector-37A 2,100/-
34. S. B.M. Singh #416/Sec. 44A/Chd 1,000/-
35. Dr. J.S. Negi/Phase-7/Mohali 200/-
36. All Indian Sikh Federation(Regd.) D-9(G.F.) Green Park Main New Delhi 11,000/-
37. S. Dhanwant Singh #447/Ph4/Mohali 1,000/-
38. S. Narinder Singh Oberoi #3556/38D/Chd 1,100/-
39. S. T. P. Singh #1201/Sector-44B/Chd 6,000/-
40. Bibi Harmeet Kaur 100/-
41. S. Satnam Singh 100/-
42. S. Charanjit Singh 100/-
43. S. Kamaljit Singh 100/-
44. S. Amarjeet Singh 100/-
45. Dr. Rana Harinder #689/Phase-2/Mohali 1,100/-
46. Bibi Gurnoor Kaur 100/-
47. S. Manjit Singh# 110/Sector-70/Mohali 5,000/-
48. S. Darshan Singh/H.M.T. Colony/Kharar 100/-
49. Adabvir Grover/Sunny Enclave/Kharar 100/-

**ਬੇਨਤੀ**

ਆਪਣੇ ਦਸਵੰਧ ਵਿੱਚੋਂ ਵੱਧ ਤੋਂ ਵੱਧ ਮਾਇਆ ਸੋਸਾਇਟੀ ਦੇ ਕਾਰਜਾਂ ਲਈ ਭੇਜ ਕੇ ਗੁਰਮਤਿ ਪ੍ਰਸਾਰ ਵਿੱਚ ਯੋਗਦਾਨ ਪਾਓ ਤੇ ਗੁਰੂ ਦੀਆਂ ਅਸੀਸਾਂ ਪ੍ਰਾਪਤ ਕਰੋ ਜੀ। ਮਾਇਆ ਚੈੱਕ ਰਾਹੀਂ ਵੀ ਭੇਜੀ ਜਾ ਸਕਦੀ ਹੈ। ਸੋਸਾਇਟੀ ਦਾ SB A/c No.07111000004108, IFS Code: PSIB0000711 PAN No. AAATG4268N ਪੰਜਾਬ ਐਂਡ ਸਿੰਧ ਬੈਂਕ, ਸੈਕਟਰ 36, ਚੰਡੀਗੜ੍ਹ ਵਿਖੇ ਹੈ ਜੀ। ਸੋਸਾਇਟੀ ਨੂੰ ਭੇਜੀ ਗਈ ਮਾਇਆ ਤੇ Income Tax ਦੀ ਧਾਰਾ 80-G ਦੇ ਅੰਤਰਗਤ ਛੋਟ ਉਪਲਬਧ ਹੈ।